Canadian Cancer Society | Société canadienne du cancer

# ਛਾਤੀ ਦੀ ਕੈਂਸਰ ਬਾਰੇ ਪੁੱਛੇ ਜਾਣ ਵਾਲੇ ਸਵਾਲ

*ਕੈਨੇਡਾ ਦੀਆਂ ਔਰਤਾਂ ਲਈ ਇਕ ਵਰਕਬੁੱਕ*

## Questions to Ask about Breast Cancer

*A workbook for Canadian women*



ਆਉ ਕੈਂਸਰ ਨੂੰ ਬੀਤੇ ਸਮੇਂ ਦੀ ਚੀਜ਼ ਬਣਾਈਏ

1 888 939-3333 | www.cancer.ca

ਇਹ ਵਰਕਬੁੱਕ **ਐਟਲਾਂਟਿਕ ਬਰੈੱਸਟ ਕੈਂਸਰ ਇਨਫਰਮੇਸ਼ਨ ਪ੍ਰੋਜੈਕਟ** ਵਲੋਂ 1997 ਵਿਚ ਤਿਆਰ ਕੀਤੇ ਗਏ ਪਹਿਲੇ ਕਿਤਾਬਚੇ 'ਤੇ ਆਧਾਰਿਤ ਹੈ, ਜੋ ਕਿ ਬੀ ਸੀ/ਯੂਕੋਨ ਬਰੈੱਸਟ ਕੈਂਸਰ ਇਨਫਰਮੇਸ਼ਨ ਪ੍ਰੋਜੈਕਟ, ਬਰੈੱਸਟ ਕੈਂਸਰ ਇਨਫੋਲਿੰਕ-ਪਰੇਰੀਜ਼/ਐੱਨ ਡਬਲਯੂ ਟੀ, ਓਨਟੇਰੀਓ ਬਰੈੱਸਟ ਕੈਂਸਰ ਇਨਫਰਮੇਸ਼ਨ ਐਕਸਚੇਂਜ ਪ੍ਰੋਜੈਕਟ ਅਤੇ ਕਿਊਬੈਕ ਬਰੈੱਸਟ ਕੈਂਸਰ ਇਨਫਰਮੇਸ਼ਨ ਐਕਸਚੇਂਜ ਨੈੱਟਵਰਕ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਸੀ।

**Cover photograph**: © First Light

# ਵਿਸ਼ੇ-ਸੂਚੀ


2 ਜਾਣ-ਪਛਾਣ
3 ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਗੱਲਬਾਤ ਕਰਨਾ
4 ਕੈਂਸਰ ਦੀ ਪਛਾਣ ਵੇਲੇ
6 ਸਰਜਰੀ
8 ਸਰਜਰੀ ਤੋਂ ਬਾਅਦ
10 ਸਰਜਰੀ ਤੋਂ ਬਾਅਦ ਸਰੀਰਕ ਤੌਰ 'ਤੇ ਠੀਕ ਹੋਣਾ
12 ਸਰਜਰੀ ਤੋਂ ਬਿਨਾਂ ਹੋਰ ਇਲਾਜ
14 ਰੇਡੀਏਸ਼ਨ ਥੈਰੇਪੀ
16 ਕੀਮੋਥੈਰੇਪੀ
18 ਹਾਰਮੋਨਲ ਥੈਰੇਪੀ
20 ਬਾਇਓਲੌਜੀਕਲ ਥੈਰੇਪੀ
22 ਬਰੈੱਸਟ ਰੀਕੌਨਸਟਰੱਕਸ਼ਨ (ਛਾਤੀ ਨੂੰ ਮੁੜ ਬਣਵਾਉਣਾ) ਅਤੇ ਪ੍ਰੌਸਥੀਸਿਸ (ਨਕਲੀ ਛਾਤੀ)
24 ਜਜ਼ਬਾਤੀ ਤੌਰ 'ਤੇ ਠੀਕ ਹੋਣਾ
26 ਜ਼ਿੰਦਗੀ ਵਿਚ ਅਗਾਂਹ ਤੁਰਦੇ ਜਾਣਾ
28 ਛਾਤੀ ਦੀ ਕੈਂਸਰ ਤੋਂ ਬਾਅਦ ਛਾਤੀ-ਸਿਹਤ
30 ਸ਼ਬਦਾਂ ਦੀ ਲਿਸਟ
35 ਛਾਤੀ ਦੀ ਕੈਂਸਰ ਬਾਰੇ ਵਸੀਲੇ

## ਜਾਣ-ਪਛਾਣ

ਛਾਤੀ ਦੀ ਕੈਂਸਰ ਦੀ ਪਛਾਣ ਹੋਣ ’ਤੇ ਮਨ ਵਿਚ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਆਪਣੇ ਸਵਾਲਾਂ ਦੇ ਜਵਾਬ ਲੱਭਣਾ ਬਹੁਤ ਮਹੱਤਵਪੂਰਨ ਹੈ – ਜਵਾਬ ਤੁਹਾਡੀ ਉਹ ਫੈਸਲੇ ਕਰਨ ਵਿਚ ਮਦਦ ਕਰਨਗੇ ਜਿਹੜੇ ਤੁਹਾਡੇ ਲਈ ਠੀਕ ਹੋਣਗੇ। ਜਿਵੇਂ ਜਿਵੇਂ ਤੁਸੀਂ ਆਪਣੀ ਖੋਜ ਕਰਕੇ ਅਤੇ ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਗੱਲਬਾਤ ਕਰਕੇ ਛਾਤੀ ਦੀ ਕੈਂਸਰ ਬਾਰੇ ਜ਼ਿਆਦਾ ਜਾਣੋਗੇ, ਇਹ ਵਰਕਬੁੱਕ ਤੁਹਾਡੀ ਮਦਦ ਕਰੇਗੀ।

ਇਹ ਵਰਕਬੁੱਕ ਗੌਰ ਕਰਨ ਵਾਲੇ ਸਵਾਲਾਂ ਬਾਰੇ ਸੁਝਾਅ ਦੇ ਕੇ ਅਤੇ ਆਪਣੇ ਜਵਾਬ ਲਿਖਣ ਲਈ ਖਾਲੀ ਥਾਂ ਛੱਡ ਕੇ ਵਿਚਾਰੇ ਜਾਣ ਵਾਲੇ ਮਹੱਤਵਪੂਰਨ ਵਿਸ਼ਿਆਂ ’ਤੇ ਚਾਨਣਾ ਪਾਉਂਦੀ ਹੈ। ਤੁਹਾਨੂੰ ਸਾਰੇ ਸਵਾਲ ਪੁੱਛਣ ਦੀ ਲੋੜ ਨਹੀਂ ਹੈ। ਉਹ ਸਵਾਲ ਚੁਣੋ ਜਿਹੜੇ ਤੁਹਾਡੀ ਹਾਲਤ ਮੁਤਾਬਕ ਢੁਕਵੇਂ ਹਨ ਅਤੇ ਇਨ੍ਹਾਂ ਵਿਚ ਆਪਣੇ ਸਵਾਲ ਜੋੜੋ। ਹਰ ਇਕ ਦਾ ਕੈਂਸਰ ਦਾ ਤਜਰਬਾ ਵੱਖਰਾ ਹੁੰਦਾ ਹੈ ਅਤੇ ਆਪਣੀ ਕਹਾਣੀ ਲਿਖ ਲੈਣ ਨਾਲ ਤੁਹਾਡੇ ਕੋਲ ਰੱਖਣ ਲਈ ਪੱਕਾ ਰਿਕਾਰਡ ਹੋਵੇਗਾ ਅਤੇ ਤੁਸੀਂ ਲੋੜ ਪੈਣ ’ਤੇ ਇਸ ’ਤੇ ਗੌਰ ਕਰ ਸਕੋਗੇ।

ਕੈਂਸਰ ਦੇ ਆਪਣੇ ਤਜਰਬੇ ਦੌਰਾਨ ਤੁਹਾਨੂੰ ਕਈ ਅਜਿਹੇ ਸ਼ਬਦ ਸੁਣਨ ਨੂੰ ਮਿਲਣਗੇ ਜਿਹੜੇ ਤੁਹਾਡੇ ਲਈ ਨਵੇਂ ਹੋਣਗੇ। ਇਹ ਸ਼ਬਦ ਇਸ ਕਿਤਾਬ ਵਿਚ ਮੋਟੇ ਅੱਖਰਾਂ ਵਿਚ ਲਿਖੇ ਹੋਏ ਹਨ। ਉਨ੍ਹਾਂ ਦੇ ਅਰਥ ਕਿਤਾਬ ਦੇ ਪਿਛਲੇ ਪਾਸੇ ਸ਼ਬਦਾਂ ਦੀ ਲਿਸਟ ਵਿਚ ਦੇਖੋ।

# ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਗੱਲਬਾਤ ਕਰਨਾ

ਕੈਂਸਰ ਦੇ ਇਲਾਜ ਲਈ ਟੀਮ ਵਜੋਂ ਕੰਮ ਕਰਨ ਦੀ ਲੋੜ ਹੁੰਦੀ ਹੈ। ਬਹੁਤ ਸਾਰੇ ਵੱਖ ਵੱਖ ਸਿਹਤ ਮਾਹਰ, ਜਿਵੇਂ ਕਿ ਡਾਕਟਰ, ਨਰਸਾਂ, ਫਾਰਮਾਸਿਸਟ, ਅਤੇ ਫਿਜ਼ੀਓਥੈਰੇਪਿਸਟ ਤੁਹਾਡੇ ਤਜਰਬੇ ਦੌਰਾਨ ਤੁਹਾਡੀ ਮਦਦ ਕਰਨਗੇ ਅਤੇ ਜੇ ਤੁਹਾਨੂੰ ਲੋੜ ਹੋਵੇ ਤਾਂ ਬਹੁਤ ਸਾਰੇ ਹੋਰ ਮਦਦ ਕਰਨ ਲਈ ਮੌਜੂਦ ਹੋਣਗੇ।

ਇਲਾਜ ਕਰਨ ਵਾਲੇ ਮਾਹਰਾਂ ਦੀ ਤੁਹਾਡੀ ਟੀਮ, ਕੈਂਸਰ ਦੇ ਬਹੁਤ ਸਾਰੇ ਵੱਖ ਵੱਖ ਪੱਖਾਂ ਬਾਰੇ ਜਾਣਦੀ ਹੈ, ਪਰ ਜੇ ਤੁਸੀਂ ਮਦਦ ਨਾ ਮੰਗੋ ਤਾਂ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗੇਗਾ ਕਿ ਤੁਹਾਨੂੰ ਮਦਦ ਦੀ ਲੋੜ ਹੈ। ਆਪਣੀ ਟੀਮ ਤੋਂ ਜੋ ਤੁਹਾਨੂੰ ਚਾਹੀਦਾ ਹੈ ਉਹ ਪੁੱਛਣ ਤੋਂ ਡਰੋ, ਘਬਰਾਉ ਜਾਂ ਝਿਜਕੋ ਨਾ।

ਆਪਣੀ ਇਲਾਜ ਕਰਨ ਵਾਲੀ ਟੀਮ ਦੇ **ਤੁਸੀਂ** ਇਕ ਬਹੁਤ ਹੀ ਮਹੱਤਵਪੂਰਨ ਮੈਂਬਰ ਹੋ। ਤੁਹਾਡੀ ਹਾਲਤ ਵਿਲੱਖਣ ਹੈ ਅਤੇ ਤੁਹਾਡਾ ਇਲਾਜ ਤੁਹਾਡੇ ਮੁਤਾਬਕ ਹੋਵੇਗਾ। ਤੁਸੀਂ:

- ਉਹ ਫੈਸਲੇ ਕਰਨ ਵਿਚ ਸ਼ਾਮਲ ਹੋ ਸਕਦੇ ਹੋ ਜਿਨ੍ਹਾਂ ਦਾ ਤੁਹਾਡੇ ’ਤੇ ਅਸਰ ਪੈਣਾ ਹੈ।
- ਕੈਂਸਰ ਅਤੇ ਆਪਣੇ ਇਲਾਜਾਂ ਬਾਰੇ ਇਸ ਤਰੀਕੇ ਨਾਲ ਜਾਣ ਸਕਦੇ ਹੋ ਜਿਹੜਾ ਤੁਹਾਨੂੰ ਠੀਕ ਲੱਗਦਾ ਹੈ।
- ਆਪਣੇ ਫਿਕਰਾਂ ਜਾਂ ਸਰੋਕਾਰਾਂ ਬਾਰੇ ਆਪਣੀ ਟੀਮ ਨਾਲ ਗੱਲ ਕਰ ਸਕਦੇ ਹੋ।
- ਆਪਣੇ ਡਾਕਟਰ, ਕਲਿਨਿਕ ਅਤੇ ਹਸਪਤਾਲ ਦੀਆਂ ਅਪੌਇੰਟਮੈਂਟਾਂ ’ਤੇ ਸਮੇਂ ਸਿਰ ਪਹੁੰਚ ਸਕਦੇ ਹੋ।
- ਆਪਣੀ ਟੀਮ ਤੋਂ ਪੁੱਛੇ ਜਾਣ ਵਾਲੇ ਸਵਾਲ ਲਿਖ ਸਕਦੇ ਹੋ ਤਾਂ ਜੋ ਅਗਲੀ ਅਪੌਇੰਟਮੈਂਟ ਤੱਕ ਤੁਹਾਨੂੰ ਉਹ ਭੁੱਲ ਨਾ ਜਾਣ।
- ਆਪਣੀ ਟੀਮ ਤੋਂ ਇਹ ਪੁੱਛ ਸਕਦੇ ਹੋ ਕਿ ਉਨ੍ਹਾਂ ਨਾਲ ਅਪੌਇੰਟਮੈਂਟਾਂ ਦੇ ਵਿਚਕਾਰਲੇ ਸਮੇਂ ਦੌਰਾਨ ਸੰਪਰਕ ਕਿਵੇਂ ਕਰਨਾ ਹੈ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਅਤੇ ਤੁਹਾਨੂੰ ਉਨ੍ਹਾਂ ਦੇ ਜਵਾਬ ਛੇਤੀ ਚਾਹੀਦੇ ਹੋਣ।

ਜੇ ਤੁਹਾਡਾ ਡਾਕਟਰ ਤੁਹਾਨੂੰ ਨਹੀਂ ਸੁਣਦਾ ਜਾਂ ਤੁਹਾਡੇ ਸਵਾਲਾਂ ਦੇ ਜਵਾਬ ਨਹੀਂ ਦਿੰਦਾ ਤਾਂ ਤੁਹਾਨੂੰ ਕਿਸੇ ਹੋਰ ਡਾਕਟਰ ਦੀ ਰਾਇ ਮੰਗਣ ਦਾ ਹੱਕ ਹੈ। ਜੇ ਇਹ ਵੀ ਕੰਮ ਨਾ ਕਰੇ ਤਾਂ ਤੁਸੀਂ ਡਾਕਟਰ ਬਦਲ ਸਕਦੇ ਹੋ ਅਤੇ ਅਜਿਹਾ ਡਾਕਟਰ ਲੱਭ ਸਕਦੇ ਹੋ ਜੋ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਜ਼ਿਆਦਾ ਖਾਹਸ਼ਮੰਦ ਹੈ।

© Canadian Cancer Society 2006

## ਕੈਂਸਰ ਦੀ ਪਛਾਣ ਵੇਲੇ

1. ਮੈਨੂੰ ਕਿਸ ਕਿਸਮ ਦੀ ਛਾਤੀ ਦੀ **ਕੈਂਸਰ** ਹੈ?
2. ਮੇਰੀ ਛਾਤੀ ਵਿਚਲੀ **ਕੈਂਸਰ** ਦਾ ਇਲਾਜ ਕਰਨ ਲਈ ਕੀ ਕੀਤਾ ਜਾ ਸਕਦਾ ਹੈ?
3. ਕੀ ਮੈਨੂੰ ਆਪਣੇ ਇਲਾਜ ਬਾਰੇ ਫੌਰਨ ਫੈਸਲਾ ਕਰਨ ਦੀ ਲੋੜ ਹੈ ਜਾਂ ਮੈਂ ਇਸ ਬਾਰੇ ਸੋਚ ਸਕਦੀ ਹਾਂ ਅਤੇ ਹੋਰ ਜਾਣਕਾਰੀ ਲੈ ਸਕਦੀ ਹਾਂ?
4. ਇਹ ਬਹੁਤ ਵੱਡਾ ਫੈਸਲਾ ਹੈ। ਮੈਂ ਹੋਰ ਸਲਾਹ ਕਿੱਥੋਂ ਲੈ ਸਕਦੀ ਹਾਂ?
5. ਇਸ ਚੀਜ਼ ਦੇ ਕਿੰਨੇ ਕੁ ਮੌਕੇ ਹਨ ਕਿ ਇਲਾਜ ਤੋਂ ਬਾਅਦ ਮੇਰੀ ਛਾਤੀ ਦੀ **ਕੈਂਸਰ** ਵਾਪਸ ਆ ਜਾਵੇਗੀ?
6. ਛਾਤੀ ਦੀ **ਕੈਂਸਰ** ਵਾਲੀਆਂ ਹੋਰ ਔਰਤਾਂ ਨਾਲ ਮੈਂ ਕਿਵੇਂ ਗੱਲਬਾਤ ਕਰ ਸਕਦੀ ਹਾਂ? ਕੀ ਕੋਈ ਸਹਾਇਤਾ ਗਰੁੱਪ ਹੈ ਜਿਸ ਵਿਚ ਮੈਂ ਸ਼ਾਮਲ ਹੋ ਸਕਦੀ ਹਾਂ ਜਾਂ ਕੀ ਤੁਸੀਂ ਸਹਾਇਤਾ ਦੇ ਕਿਸੇ ਪ੍ਰੋਗਰਾਮ ਬਾਰੇ ਮੈਨੂੰ ਦੱਸ ਸਕਦੇ ਹੋ?
7. ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?
8. ਕੀ ਮੈਨੂੰ ਬਰਥ ਕੰਟਰੋਲ ਦੀ ਵਰਤੋਂ ਕਰਨੀ ਚਾਹੀਦੀ ਹੈ? ਕਿਸ ਕਿਸਮ ਦੇ? ਇਲਾਜ ਦੌਰਾਨ ਜੇ ਮੈਂ ਗਰਭਵਤੀ ਹੋ ਜਾਵਾਂ ਤਾਂ ਕੀ ਹੋਵੇਗਾ?
9. ਕੀ ਮੈਂ ਆਪਣਾ ਗਰਭ ਪੂਰਾ ਸਮਾਂ ਕਾਇਮ ਰੱਖ ਸਕਦੀ ਹਾਂ ਅਤੇ ਛਾਤੀ ਦੀ **ਕੈਂਸਰ** ਦੇ ਇਲਾਜ ਤੋਂ ਬਾਅਦ ਤੰਦੁਰਸਤ ਬੱਚਾ ਲੈ ਸਕਦੀ ਹਾਂ?
10. ਜੇ ਇਲਾਜ ਨਾਲ ਮੇਰੇ **ਬੱਚੇ ਪੈਦਾ** ਕਰਨ ਦੀ ਸਮਰੱਥਾ ’ਤੇ ਅਸਰ ਪੈਂਦਾ ਹੋਵੇ ਤਾਂ ਮੇਰੇ ਕੋਲ ਕੀ ਚੋਣਾਂ ਹਨ?

## ਨੋਟ

ਤਰੀਕ

# ਸਰਜਰੀ

1 **ਕੈਂਸਰ** ਨੂੰ ਕੱਢਣ ਲਈ ਮੇਰੇ ਕੋਲ ਕਿਹੜੀਆਂ ਚੋਣਾਂ ਹਨ?

2 ਛਾਤੀ ਨੂੰ **ਸੁਰੱਖਿਅਤ ਰੱਖਣ ਵਾਲੀ ਸਰਜਰੀ** (ਜਾਂ **ਲੰਪੈਕਟੋਮੀ**) ਅਤੇ ਮੈਸਟੈਕਟੋਮੀ ਵਿਚਕਾਰ ਕੀ ਫਰਕ ਹੈ?

3 ਮੇਰੀ ਹਾਲਤ ਮੁਤਾਬਕ ਕੀ ਤੁਸੀਂ ਇਕ ਕਿਸਮ ਦੀ ਸਰਜਰੀ ਨਾਲੋਂ ਦੂਜੀ ਕਿਸਮ ਦੀ ਸਰਜਰੀ ਦੀ ਸਿਫਾਰਸ਼ ਕਰੋਗੇ? ਕਿਉਂ? ਮੇਰੀ ਛਾਤੀ ਦਾ ਕਿੰਨਾ ਹਿੱਸਾ ਕੱਢਿਆ ਜਾਵੇਗਾ?

4 **ਲਿੰਫ ਨੋਡਜ਼** ਕੀ ਹਨ ਅਤੇ ਉਹ ਕੀ ਕਰਦੇ ਹਨ? ਕੀ ਤੁਸੀਂ ਕੋਈ **ਲਿੰਫ ਨੋਡਜ਼** ਵੀ ਕੱਢੋਗੇ? ਜੇ ਕੱਢੋਗੇ ਤਾਂ ਕਿਉਂ?

5 ਜੇ **ਲਿੰਫ ਨੋਡਜ਼** ਕੱਢੇ ਜਾਂਦੇ ਹਨ ਤਾਂ ਮੈਨੂੰ ਕਿਸ ਤਰ੍ਹਾਂ ਦੇ **ਸਾਈਡ ਇਫੈਕਟ** ਹੋ ਸਕਦੇ ਹਨ?

6 ਕੀ ਮੈਂ **ਸੈਂਟੀਨਲ ਲਿੰਫ ਨੋਡ ਬਾਇਓਪਸੀ** ਕਰਵਾ ਸਕਦੀ ਹਾਂ?

7 ਕੀ ਮੈਨੂੰ ਹਸਪਤਾਲ ਵਿਚ ਰਹਿਣ ਦੀ ਲੋੜ ਹੋਵੇਗੀ? ਜੇ ਹਾਂ ਤਾਂ ਕਿੰਨੇ ਸਮੇਂ ਲਈ?

8 ਕੀ ਮੈਨੂੰ ਕੰਮ ਤੋਂ ਛੁੱਟੀਆਂ ਲੈਣ ਦੀ ਲੋੜ ਪਵੇਗੀ? ਕਿੰਨੀਆਂ?

9 ਸਰਜਰੀ ਤੋਂ ਬਾਅਦ ਮੈਂ ਕੀ ਆਸ ਰੱਖ ਸਕਦੀ ਹਾਂ?

10 ਮੈਂ ਬਰਾ ਪਾਉਣੀ ਕਦੋਂ ਸ਼ੁਰੂ ਕਰ ਸਕਦੀ ਹਾਂ?

11 ਮੇਰਾ ਦਾਗ ਕਿਸ ਤਰ੍ਹਾਂ ਦਾ ਦਿਖਾਈ ਦੇਵੇਗਾ?

12 ਕੀ ਮੈਨੂੰ ਘਰ ਵਿਚ ਨਰਸਿੰਗ ਕੇਅਰ ਦੀ ਲੋੜ ਪਵੇਗੀ? ਸਰਜਰੀ ਤੋਂ ਬਾਅਦ ਮੇਰੀ ਮਦਦ ਲਈ ਕਮਿਉਨਟੀ ਦੇ ਕਿਹੜੇ ਵਸੀਲੇ ਮੌਜੂਦ ਹਨ?

13 ਕੀ ਮੈਨੂੰ ਸਰਜਰੀ ਤੋਂ ਬਾਅਦ ਹੋਰ ਇਲਾਜ ਦੀ ਲੋੜ ਪਵੇਗੀ? ਜੇ ਹਾਂ ਤਾਂ ਕਿਸ ਕਿਸਮ ਦੇ ਇਲਾਜ ਦੀ?

14 ਕੀ ਮੈਨੂੰ ਛਾਤੀ ਨੂੰ ਮੁੜ ਕੇ ਬਣਵਾਉਣ ਬਾਰੇ ਹੁਣੇ ਹੀ ਫੈਸਲੇ ਕਰਨ ਦੀ ਲੋੜ ਹੈ? ਮੈਨੂੰ ਸਲਾਹ ਕਿੱਥੋਂ ਮਿਲ ਸਕਦੀ ਹੈ?

## ਨੋਟ

ਤਰੀਕ

# ਸਰਜਰੀ ਤੋਂ ਬਾਅਦ

1. ਇਹ ਪਤਾ ਲਾਉਣ ਲਈ ਕਿਹੜੇ ਟੈੱਸਟ ਕੀਤੇ ਜਾ ਸਕਦੇ ਹਨ ਕਿ ਕੀ **ਕੈਂਸਰ** ਫੈਲ ਗਈ ਹੈ? ਮੇਰੇ ਇਹ ਟੈੱਸਟ ਕਦੋਂ ਹੋਣਗੇ?
2. **ਰਸੌਲੀ** ਕਿੰਨੀ ਵੱਡੀ ਸੀ? ਇਸ ਦਾ ਕੀ ਮਤਲਬ ਹੈ?
3. ਕਿੰਨੇ **ਲਿੰਫ ਨੋਡਜ਼** ਕੱਢੇ ਗਏ ਸਨ? ਕੀ ਇਨ੍ਹਾਂ ਵਿੱਚੋਂ ਕਿਸੇ ਵਿਚ **ਕੈਂਸਰ** ਸੀ??
4. **ਕੈਂਸਰ** ਦਾ **ਗਰੇਡ** ਕੀ ਹੈ? ਇਹ ਕਿੰਨੀ ਤੇਜ਼ੀ ਨਾਲ ਵਧ ਰਹੀ ਹੈ?
5. ਮੇਰੀ **ਕੈਂਸਰ** ਕਿਸ **ਸਟੇਜ** ’ਤੇ ਹੈ?
6. **ਇਸਟਰੋਜਨ ਰਿਸੈਪਟਰ** ਦਾ ਕੀ ਮਤਲਬ ਹੈ? ਇਹ ਮੇਰੇ ਲਈ ਮਹੱਤਵਪੂਰਨ ਕਿਉਂ ਹੋ ਸਕਦਾ ਹੈ?
7. ਇਸ ਗੱਲ ਦੇ ਕਿੰਨੇ ਕੁ ਮੌਕੇ ਹਨ ਕਿ **ਕੈਂਸਰ** ਮੇਰੀ ਦੂਜੀ ਛਾਤੀ ਵਿਚ ਚਲੀ ਜਾਵੇਗੀ?
8. ਜੇ ਲੋੜ ਹੋਵੇ ਤਾਂ ਸਾਵਧਾਨੀ ਵਜੋਂ ਮੇਰੀ ਦੂਜੀ ਛਾਤੀ ਕਦੋਂ ਕੱਢੀ ਜਾਣੀ ਚਾਹੀਦੀ ਹੈ? **(ਪ੍ਰੋਫਾਇਲੈਕਟਿਕ ਮੈਸਟੈਕਟੋਮੀ)**?

## ਨੋਟ

ਤਰੀਕ

# ਸਰਜਰੀ ਤੋਂ ਬਾਅਦ ਸਰੀਰਕ ਤੌਰ ’ਤੇ ਠੀਕ ਹੋਣਾ

1 ਮੈਨੂੰ ਕਿਸ ਤਰ੍ਹਾਂ ਦੀ ਦਰਦ ਜਾਂ ਬੇਆਰਾਮੀ ਹੋ ਸਕਦੀ ਹੈ? ਇਹ ਕਿੰਨਾ ਸਮਾਂ ਰਹੇਗੀ?

2 ਕੀ ਮੈਨੂੰ ਆਪਣੀ ਸਰਜਰੀ ਵਾਲੀ ਬਾਂਹ ਦੀਆਂ ਕਸਰਤਾਂ ਕਰਨੀਆਂ ਚਾਹੀਦੀਆਂ ਹਨ? ਕੀ ਮੈਨੂੰ **ਫਿਜ਼ੀਓਥੈਰੇਪੀ** ਦੀ ਲੋੜ ਪਵੇਗੀ?

3 ਚੀਰੇ ਨੂੰ ਠੀਕ ਹੋਣ ਲਈ ਕਿੰਨਾ ਸਮਾਂ ਲੱਗੇਗਾ? ਆਪਣੇ ਚੀਰੇ ਦਾ ਖਿਆਲ ਰੱਖਣ ਦਾ ਸੱਭ ਤੋਂ ਬਿਹਤਰ ਤਰੀਕਾ ਕਿਹੜਾ ਹੈ?

4 ਜੇ ਮੇਰੀ ਛਾਤੀ ਜਾਂ ਕੱਛ ਤੋਂ ਮੁਆਦ ਨਿਕਲਣ ਲਈ ਕੋਈ ਡਰੇਨ ਰੱਖੀ ਗਈ ਹੈ ਤਾਂ ਇਹ ਕਿੰਨਾ ਸਮਾਂ ਰੱਖਣ ਦੀ ਲੋੜ ਪਵੇਗੀ? ਮੈਨੂੰ ਇਸ ਦੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ?

5 ਸਰਜਰੀ ਤੋਂ ਬਾਅਦ ਚੈੱਕਅੱਪ ਕਰਨ ਲਈ ਮੇਰੀ ਅਪੌਇੰਟਮੈਂਟ ਕਦੋਂ ਬਣੇਗੀ? ਸਰਜਰੀ ਤੋਂ ਬਾਅਦ ਮੈਨੂੰ ਕਿੰਨੀ ਕੁ ਵਾਰੀ ਡਾਕਟਰ ਕੋਲ ਜਾਣਾ ਪਵੇਗਾ?

6 ਮੈਨੂੰ ਕਿਸ ਤਰ੍ਹਾਂ ਦੇ ਕੰਮਾਂ ਤੋਂ ਪਰਹੇਜ਼ (ਜੇ ਕਰਨਾ ਹੋਵੇ) ਕਰਨਾ ਚਾਹੀਦਾ ਹੈ?

7 ਕਿਸ ਤਰ੍ਹਾਂ ਦੇ ਲੱਛਣ – ਸੋਜ, ਬੁਖਾਰ, ਚਿੱਤ ਕੱਚਾ ਹੋਣਾ ਅਤੇ ਇਸ ਤਰ੍ਹਾਂ ਦੇ ਹੋਰ ਲੱਛਣ–ਡਾਕਟਰੀ ਸਮੱਸਿਆਵਾਂ ਦੀਆਂ ਨਿਸ਼ਾਨੀਆਂ ਹੋ ਸਕਦੇ ਹਨ? ਅਪੌਇੰਟਮੈਂਟਾਂ ਦੇ ਵਿਚਕਾਰਲੇ ਸਮੇਂ ਦੌਰਾਨ ਜੇ ਮੈਨੂੰ ਕਿਸੇ ਚੀਜ਼ ਦੀ ਚਿੰਤਾ ਹੋਵੇ ਤਾਂ ਮੈਨੂੰ ਕਿਸ ਨੂੰ ਫੋਨ ਕਰਨਾ ਚਾਹੀਦਾ ਹੈ?

8 ਕੀ ਮੈਨੂੰ ਘਰ ਵਿਚ ਮਦਦ ਦੀ ਲੋੜ ਪਵੇਗੀ? ਮੈਨੂੰ ਨਹਾਉਣ, ਖਾਣਾ ਬਣਾਉਣ ਅਤੇ ਘਰ ਦੀ ਸਫਾਈ ਵਰਗੇ ਕੰਮਾਂ ਵਿਚ ਮਦਦ ਲੈਣ ਬਾਰੇ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

9 **ਲਿੰਫੇਡੀਮਾ** ਕੀ ਹੈ? ਕੀ ਮੈਨੂੰ ਇਹ ਹੋਣ ਦਾ ਖਤਰਾ ਹੈ? ਇਸ ਤੋਂ ਬਚਣ ਲਈ ਮੈਂ ਕੀ ਕਰ ਸਕਦੀ ਹਾਂ?

10 ਜੇ ਮੈਨੂੰ **ਲਿੰਫੇਡੀਮਾ** ਹੋ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

11 ਕੀ ਮੇਰੀ ਬਾਂਹ ਸੌਂਵੇਗੀ? ਜੇ ਹਾਂ ਤਾਂ ਇਹ ਕਿੰਨਾ ਸਮਾਂ ਸੁੱਤੀ ਰਹੇਗੀ?

# ਨੋਟ

ਤਰੀਕ

# ਸਰਜਰੀ ਤੋਂ ਬਿਨਾਂ ਹੋਰ ਇਲਾਜ

1 **ਕੀਮੋਥੈਰੇਪੀ** ਕੀ ਹੈ? **ਰੇਡੀਏਸ਼ਨ ਥੈਰੇਪੀ** ਕੀ ਹੈ? ਕੀ ਮੈਨੂੰ ਇਨ੍ਹਾਂ ਦੀ ਲੋੜ ਪਵੇਗੀ? ਇਹ ਇਲਾਜ ਮੇਰੀ ਮਦਦ ਕਿਵੇਂ ਕਰਨਗੇ?

2 ਕੀ **ਕੀਮੋਥੈਰੇਪੀ** ਜਾਂ **ਰੇਡੀਏਸ਼ਨ ਥੈਰੇਪੀ** ਮੇਰੇ ਬਚ ਜਾਣ ਦੇ ਮੌਕਿਆਂ ਵਿਚ ਸੁਧਾਰ ਕਰਨਗੇ? ਕਿਵੇਂ?

3 ਇਨ੍ਹਾਂ ਇਲਾਜਾਂ ਦੇ ਥੋੜ੍ਹ-ਚਿਰੇ ਜਾਂ ਚਿਰਕਾਲੀ ਅਸਰ ਕਿਹੜੇ ਹਨ?

4 ਸਰਜਰੀ ਤੋਂ ਕਿੰਨਾ ਸਮਾਂ ਬਾਅਦ ਮੈਂ ਇਹ ਇਲਾਜ ਸ਼ੁਰੂ ਕਰਨੇ ਹਨ?

5 **ਕਲਿਨੀਕਲ ਟਰਾਇਲਜ਼** (ਡਾਕਟਰੀ ਤਜਰਬੇ) ਕੀ ਹਨ? ਆਪਣੇ ਇਲਾਕੇ ਵਿਚਲੇ ਕਲਿਨੀਕਲ ਟਰਾਇਲਜ਼ ਬਾਰੇ ਮੈਨੂੰ ਜ਼ਿਆਦਾ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

6 **ਸਹਾਇਕ ਅਤੇ ਬਦਲਵੇਂ ਇਲਾਜ** ਕਿਹੜੇ ਹਨ? ਇਨ੍ਹਾਂ ਬਾਰੇ ਮੈਨੂੰ ਜ਼ਿਆਦਾ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

7 ਜੇ ਮੈਂ ਇਹ ਇਲਾਜ ਨਾ ਕਰਵਾਉਣ ਦੀ ਚੋਣ ਕਰਾਂ ਤਾਂ ਕੀ ਹੋਵੇਗਾ?

## ਨੋਟ

ਤਰੀਕ

# ਰੇਡੀਏਸ਼ਨ ਥੈਰੇਪੀ

1 ਕੀ ਮੈਨੂੰ **ਰੇਡੀਏਸ਼ਨ ਥੈਰੇਪੀ** ਦੀ ਲੋੜ ਹੈ?

2 **ਰੇਡੀਏਸ਼ਨ ਥੈਰੇਪੀ** ਦੇ ਫਾਇਦੇ ਅਤੇ ਖਤਰੇ ਕੀ ਹਨ?

3 ਮੈਨੂੰ ਕਿਹੜੀ ਕਿਸਮ ਦਿੱਤੀ ਜਾਵੇਗੀ?

4 **ਰੇਡੀਏਸ਼ਨ ਥੈਰੇਪੀ** ਕਿਸ ਤਰ੍ਹਾਂ ਦੀ ਹੁੰਦੀ ਹੈ? ਕੀ ਇਸ ਨਾਲ ਤਕਲੀਫ ਹੋਵੇਗੀ?

5 **ਰੇਡੀਏਸ਼ਨ ਥੈਰੇਪੀ** ਕਿਸ ਤਰ੍ਹਾਂ ਦਿੱਤੀ ਜਾਵੇਗੀ? ਇਹ ਕਿੰਨੀ ਕੁ ਵਾਰੀ ਦਿੱਤੀ ਜਾਵੇਗੀ? ਹਰ ਇਲਾਜ ਨੂੰ ਕਿੰਨਾ ਸਮਾਂ ਲੱਗੇਗਾ?

6 ਇਲਾਜ ਕਿੱਥੇ ਹੋਵੇਗਾ ਅਤੇ ਇਹ ਕੌਣ ਦੇਵੇਗਾ?

7 ਸੰਭਵ **ਸਾਈਡ ਇਫੈਕਟ** ਕਿਹੜੇ ਹਨ? ਇਨ੍ਹਾਂ ਨੂੰ ਆਮ ਤੌਰ ’ਤੇ ਕੰਟਰੋਲ ਵਿਚ ਕਿਵੇਂ ਰੱਖਿਆ ਜਾਂਦਾ ਹੈ?

8 ਕੀ ਕੋਈ ਅਜਿਹੇ **ਸਾਈਡ ਇਫੈਕਟ** ਵੀ ਹਨ ਜਿਨ੍ਹਾਂ ਬਾਰੇ ਮੈਨੂੰ ਫੌਰਨ ਦੱਸਣਾ ਚਾਹੀਦਾ ਹੈ?

9 ਇਲਾਜ ਤੋਂ ਪਹਿਲਾਂ ਕੀ ਮੈਨੂੰ ਕੋਈ ਚੀਜ਼ ਨਹੀਂ ਕਰਨੀ (ਜਾਂ ਕਰਨੀ) ਚਾਹੀਦੀ ਹੈ ਖਾਸ ਕਰਕੇ ਭੋਜਨ ਨਾ ਖਾਣਾ।

10 **ਰੇਡੀਏਸ਼ਨ ਥੈਰੇਪੀ** ਦੌਰਾਨ ਜਾਂ ਇਲਾਜ ਦੇ ਖਤਮ ਹੋ ਜਾਣ ਤੋਂ ਬਾਅਦ ਕੀ ਮੈਨੂੰ ਕੋਈ ਖਾਸ ਹਿਦਾਇਤਾਂ ਦੀ ਪਾਲਣਾ ਕਰਨੀ ਪਵੇਗੀ?

11 ਇਲਾਜ ਦੌਰਾਨ ਆਪਣੀ ਚਮੜੀ ਦਾ ਖਿਆਲ ਰੱਖਣ ਬਾਰੇ ਮੈਨੂੰ ਕੀ ਜਾਣਨ ਦੀ ਲੋੜ ਹੈ? (ਕੀ ਸੈਂਟ, ਦੁਰਗੰਧ-ਨਾਸ਼ਕ ਪਦਾਰਥ ਜਾਂ ਲੋਸ਼ਨ ਵਰਤਣਾ ਠੀਕ ਹੈ?)

12 ਇਲਾਜ ਵਾਲੀ ਥਾਂ ਨੂੰ ਠੀਕ ਹੋਣ ਲਈ ਕਿੰਨਾ ਸਮਾਂ ਲੱਗੇਗਾ?

13 ਇਲਾਜ ਦੌਰਾਨ ਕੀ ਮੈਨੂੰ ਆਪਣੇ ਰੋਜ਼ਾਨਾ ਕੰਮਾਂ ਕਾਰਾਂ ਵਿਚ ਮਦਦ ਦੀ ਲੋੜ ਪਵੇਗੀ?

14 ਕੀ ਮੈਨੂੰ ਕੰਮ ਤੋਂ ਛੁੱਟੀ ਕਰਨ ਦੀ ਲੋੜ ਪਵੇਗੀ ਜਾਂ ਆਪਣੇ ਕੰਮ ਦਾ ਸਮਾਂ ਬਦਲਣਾ ਪਵੇਗਾ?

15 ਕੀ ਮੈਨੂੰ ਇਸ ਇਲਾਜ ਦਾ ਕੋਈ ਖਰਚਾ ਦੇਣਾ ਪਵੇਗਾ?

# ਨੋਟ

ਤਰੀਕ

# ਕੀਮੋਥੈਰੇਪੀ

1 ਕੀ ਮੈਨੂੰ **ਕੀਮੋਥੈਰੇਪੀ** ਦੀ ਲੋੜ ਹੈ?

2 **ਕੀਮੋਥੈਰੇਪੀ** ਦੇ ਫਾਇਦੇ ਅਤੇ ਖਤਰੇ ਕੀ ਹਨ?

3 ਮੈਂ ਕਿਹੜੀਆਂ ਦਵਾਈਆਂ ਲੈ ਸਕਦੀ ਹਾਂ? ਇਕ ਵੇਲੇ ਮੈਨੂੰ ਕਿੰਨੀਆਂ ਦਵਾਈਆਂ ਲੈਣੀਆਂ ਪੈਣਗੀਆਂ?

4 ਇਹ ਕਿਵੇਂ ਦਿੱਤੀ ਜਾਵੇਗੀ? ਇਹ ਕਿੰਨੀ ਕੁ ਵਾਰੀ ਦਿੱਤੀ ਜਾਵੇਗੀ?

5 **ਕੀਮੋਥੈਰੇਪੀ** ਇਲਾਜ ਕਿੱਥੇ ਕੀਤਾ ਜਾਵੇਗਾ ਅਤੇ ਇਹ ਕੌਣ ਕਰੇਗਾ?

6 ਸੰਭਵ **ਸਾਈਡ ਇਫੈਕਟ** ਕਿਹੜੇ ਹਨ? ਇਹ ਕਦੋਂ ਸ਼ੁਰੂ ਹੋ ਸਕਦੇ ਹਨ ਅਤੇ ਇਨ੍ਹਾਂ ਨੂੰ ਆਮ ਤੌਰ ’ਤੇ ਕੰਟਰੋਲ ਵਿਚ ਕਿਵੇਂ ਰੱਖਿਆ ਜਾਂਦਾ ਹੈ?

7 ਕੀ ਕੋਈ ਅਜਿਹੇ **ਸਾਈਡ ਇਫੈਕਟ** ਵੀ ਹਨ ਜਿਨ੍ਹਾਂ ਬਾਰੇ ਮੈਨੂੰ ਫੌਰਨ ਦੱਸਣਾ ਚਾਹੀਦਾ ਹੈ?

8 ਕੀ ਇਨ੍ਹਾਂ ਦਵਾਈਆਂ ਨਾਲ ਮੇਰਾ ਭਾਰ ਵਧ ਜਾਂ ਘਟ ਜਾਵੇਗਾ?

9 ਕੀ ਮੇਰੇ ਵਾਲ ਝੜ ਜਾਣਗੇ? ਜੇ ਹਾਂ ਤਾਂ ਕਿੰਨੀ ਕੁ ਛੇਤੀ ਝੜ ਜਾਣਗੇ? ਮੈਨੂੰ ਕੋਈ ਚੰਗਾ ਵਿੱਗ ਜਾਂ ਸਿਰ ਢਕਣ ਵਾਲੀ ਚੀਜ਼ ਕਿੱਥੋਂ ਮਿਲ ਸਕਦੇ ਹਨ? ਕੀ ਇਸ ਦਾ ਖਰਚਾ ਹੈਲਥ ਇਨਸ਼ੋਰੈਂਸ ਵਲੋਂ ਦਿੱਤਾ ਜਾਂਦਾ ਹੈ?

10 **ਕੀਮੋਥੈਰੇਪੀ** ਦੌਰਾਨ ਜਾਂ ਇਲਾਜ ਦੇ ਖਤਮ ਹੋ ਜਾਣ ਤੋਂ ਬਾਅਦ ਕੀ ਮੈਨੂੰ ਕੋਈ ਖਾਸ ਹਿਦਾਇਤਾਂ ਦੀ ਪਾਲਣਾ ਕਰਨੀ ਪਵੇਗੀ?

11 ਇਲਾਜ ਦੌਰਾਨ ਕੀ ਮੈਨੂੰ ਆਪਣੇ ਰੋਜ਼ਾਨਾ ਕੰਮਾਂ ਕਾਰਾਂ ਵਿਚ ਮਦਦ ਦੀ ਲੋੜ ਪਵੇਗੀ?

12 ਕੀ ਮੈਨੂੰ ਕੰਮ ਤੋਂ ਛੁੱਟੀ ਕਰਨ ਦੀ ਲੋੜ ਪਵੇਗੀ ਜਾਂ ਆਪਣੇ ਕੰਮ ਦਾ ਸਮਾਂ ਬਦਲਣਾ ਪਵੇਗਾ?

13 ਕੀ ਮੈਨੂੰ ਇਸ ਇਲਾਜ ਦਾ ਕੋਈ ਖਰਚਾ ਦੇਣਾ ਪਵੇਗਾ?

# ਨੋਟ

ਤਰੀਕ

# ਹਾਰਮੋਨਲ ਥੈਰੇਪੀ

1 **ਹਾਰਮੋਨਲ ਥੈਰੇਪੀ** ਕੀ ਹੈ?

2 ਕੀ ਮੈਨੂੰ **ਹਾਰਮੋਨਲ ਥੈਰੇਪੀ** ਦੀ ਲੋੜ ਪਵੇਗੀ?

3 **ਹਾਰਮੋਨਲ ਥੈਰੇਪੀ** ਦੇ ਫਾਇਦੇ ਅਤੇ ਖਤਰੇ ਕੀ ਹਨ?

4 ਮੈਨੂੰ ਕਿਸ ਕਿਸਮ ਦੀ **ਹਾਰਮੋਨਲ ਥੈਰੇਪੀ** ਦਿੱਤੀ ਜਾਵੇਗੀ?

5 ਇਹ ਕਿਸ ਤਰ੍ਹਾਂ ਦਿੱਤੀ ਜਾਵੇਗੀ? ਕਿੰਨੀ ਕੁ ਵਾਰੀ? ਕਿੰਨੇ ਕੁ ਸਮੇਂ ਵਿਚ?

6 ਸੰਭਵ **ਸਾਈਡ ਇਫੈਕਟ** ਅਤੇ ਚਿਰਕਾਲੀ ਅਸਰ ਕਿਹੜੇ ਹਨ? ਇਨ੍ਹਾਂ ਨੂੰ ਕੰਟਰੋਲ ਵਿਚ ਕਿਵੇਂ ਰੱਖਿਆ ਜਾਂਦਾ ਹੈ?

7 ਕੀ ਮੇਰਾ ਭਾਰ ਵਧ ਜਾਂ ਘਟ ਜਾਵੇਗਾ?

8 ਇਸ ਇਲਾਜ ਦੌਰਾਨ ਕੀ ਮੈਨੂੰ ਕੋਈ ਚੀਜ਼ਾਂ ਕਰਨੀਆਂ ਜਾਂ ਨਹੀਂ ਕਰਨੀਆਂ ਚਾਹੀਦੀਆਂ ਹਨ?

9 ਕੀ **ਹਾਰਮੋਨਲ ਥੈਰੇਪੀ** ਮੇਰੇ ਆਮ ਕੰਮਾਂ ਕਾਰਾਂ 'ਤੇ ਅਸਰ ਪਾਵੇਗੀ? ਜੇ ਹਾਂ ਤਾਂ ਕਿੰਨੇ ਸਮੇਂ ਲਈ?

10 ਕੀ ਮੈਨੂੰ ਇਸ ਇਲਾਜ ਦਾ ਕੋਈ ਖਰਚਾ ਦੇਣਾ ਪਵੇਗਾ?

# ਨੋਟ

ਤਰੀਕ

# ਬਾਇਓਲੌਜੀਕਲ ਥੈਰੇਪੀ

1 **ਬਾਇਓਲੌਜੀਕਲ ਥੈਰੇਪੀ** ਕੀ ਹੈ?

2 **ਬਾਇਓਲੌਜੀਕਲ ਥੈਰੇਪੀ** ਦੇ ਫਾਇਦੇ ਅਤੇ ਖਤਰੇ ਕੀ ਹਨ?

3 ਮੈਨੂੰ ਕਿਸ ਕਿਸਮ ਦੀ **ਬਾਇਓਲੌਜੀਕਲ ਥੈਰੇਪੀ** ਦਿੱਤੀ ਜਾਵੇਗੀ?

4 ਇਹ ਕਿਸ ਤਰ੍ਹਾਂ ਦਿੱਤੀ ਜਾਵੇਗੀ? ਕਿੰਨੀ ਕੁ ਵਾਰੀ? ਕਿੰਨੇ ਕੁ ਸਮੇਂ ਵਿਚ?

5 ਸੰਭਵ **ਸਾਈਡ ਇਫੈਕਟ** ਅਤੇ ਚਿਰਕਾਲੀ ਅਸਰ ਕਿਹੜੇ ਹਨ? ਇਨ੍ਹਾਂ ਨੂੰ ਕੰਟਰੋਲ ਵਿਚ ਕਿਵੇਂ ਰੱਖਿਆ ਜਾਂਦਾ ਹੈ?

6 ਇਸ ਇਲਾਜ ਦੌਰਾਨ ਕੀ ਮੈਨੂੰ ਕੋਈ ਚੀਜ਼ਾਂ ਕਰਨੀਆਂ ਜਾਂ ਨਹੀਂ ਕਰਨੀਆਂ ਚਾਹੀਦੀਆਂ ਹਨ?

7 ਕੀ **ਬਾਇਓਲੌਜੀਕਲ ਥੈਰੇਪੀ** ਮੇਰੇ ਆਮ ਕੰਮਾਂ ਕਾਰਾਂ 'ਤੇ ਅਸਰ ਪਾਵੇਗੀ? ਜੇ ਹਾਂ ਤਾਂ ਕਿੰਨੇ ਸਮੇਂ ਲਈ?

8 ਕੀ ਮੈਨੂੰ ਇਸ ਇਲਾਜ ਦਾ ਕੋਈ ਖਰਚਾ ਦੇਣਾ ਪਵੇਗਾ?

## ਨੋਟ

ਤਰੀਕ

# ਬਰੈੱਸਟ ਰੀਕੌਂਨਸਟਰੱਕਸ਼ਨ (ਛਾਤੀ ਨੂੰ ਮੁੜ ਬਣਵਾਉਣਾ) ਅਤੇ ਪ੍ਰੌਸਥੀਸਿਸ (ਨਕਲੀ ਛਾਤੀ)

## ਬਰੈੱਸਟ ਰੀਕੌਂਨਸਟਰੱਕਸ਼ਨ (ਛਾਤੀ ਨੂੰ ਮੁੜ ਬਣਵਾਉਣਾ)

1 **ਬਰੈੱਸਟ ਰੀਕੌਂਨਸਟਰੱਕਸ਼ਨ** ਕੀ ਹੈ? ਕੀ ਮੈਨੂੰ ਇਸ ਦੀ ਲੋੜ ਪਵੇਗੀ?

2 ਮੇਰੇ ਲਈ ਕਿਸ ਕਿਸਮ ਦੀ ਰੀਕੌਂਨਸਟਰੱਕਸ਼ ਮੌਜੂਦ ਹੈ?

3 ਮੇਰੇ ਲਈ ਕਿਸ ਕਿਸਮ ਦੀ ਰੀਕੌਂਨਸਟਰੱਕਸ਼ਨ ਦੀ ਸਿਫਾਰਸ਼ ਕੀਤੀ ਜਾਂਦੀ ਹੈ? ਕੀ ਤੁਸੀਂ ਇਸ ਬਾਰੇ ਮੈਨੂੰ ਦੱਸ ਸਕਦੇ ਹੋ?

4 ਰੀਕੌਂਨਸਟਰੱਕਸ਼ਨ ਦੇ ਕੀ ਫਾਇਦੇ ਅਤੇ ਨੁਕਸਾਨ ਹਨ?

5 ਜਿਨ੍ਹਾਂ ਔਰਤਾਂ ਨੇ **ਬਰੈੱਸਟ ਰੀਕੌਂਨਸਟਰੱਕਸ਼ਨ** ਕਰਵਾਈ ਹੈ, ਮੈਂ ਉਨ੍ਹਾਂ ਨੂੰ ਕਿੱਥੇ ਮਿਲ ਸਕਦੀ ਹਾਂ?

6 ਮੇਰੀ ਹਾਲਤ ਵਰਗੇ ਕੇਸ ਵਿਚ ਰੀਕੌਂਨਸਟਰੱਕਸ਼ਨ ਕਰਨ ਦਾ ਬਿਹਤਰ ਸਮਾਂ ਕਿਹੜਾ ਹੈ?

7 ਮੇਰੀ ਰੀਕੌਂਨਸਟਰੱਕਸ਼ਨ ਸਰਜਰੀ ਤੋਂ ਪਹਿਲਾਂ, ਸਰਜਰੀ ਦੌਰਾਨ ਅਤੇ ਬਾਅਦ ਵਿਚ ਮੈਨੂੰ ਕਿਹੜੇ ਕਦਮਾਂ ਵਿੱਚੀਂ ਲੰਘਣਾ ਪਵੇਗਾ?

8 ਮੈਨੂੰ ਕਿੰਨਾ ਸਮਾਂ ਹਸਪਤਾਲ ਵਿਚ ਰਹਿਣਾ ਪਵੇਗਾ ਅਤੇ ਮੈਨੂੰ ਠੀਕ ਹੋਣ ਲਈ ਕਿੰਨਾ ਸਮਾਂ ਲੱਗੇਗਾ?

9 ਸਰਜਰੀ ਤੋਂ ਬਾਅਦ ਮੇਰੀ ਨਵੀਂ ਛਾਤੀ ਕਿਸ ਤਰ੍ਹਾਂ ਦੀ ਦਿਖਾਈ ਦੇਵੇਗੀ ਅਤੇ ਮਹਿਸੂਸ ਹੋਵੇਗੀ? ਕੀ ਇਹ ਮੇਰੀ ਦੂਜੀ ਛਾਤੀ ਵਰਗੀ ਹੀ ਹੋਵੇਗੀ? ਕੀ ਸਮਾਂ ਪੈਣ ਨਾਲ ਇਸ ਵਿਚ ਤਬਦੀਲੀ ਆਵੇਗੀ?

10 ਕੀ ਇਹ ਸਰਜਰੀ ਮੇਰੀ ਮੈਡੀਕਲ ਇਨਸ਼ੋਰੈਂਸ ਵਲੋਂ ਕਵਰ ਹੋਵੇਗੀ? ਜੇ ਨਹੀਂ ਤਾਂ ਇਸ ਦਾ ਮੈਨੂੰ ਕਿੰਨਾ ਖਰਚਾ ਆਵੇਗਾ? ਜੇ ਮੈਨੂੰ ਲੋੜ ਹੋਵੇ ਤਾਂ ਕੀ ਮਾਇਕ ਸਹਾਇਤਾ ਮਿਲ ਸਕਦੀ ਹੈ?

## ਪ੍ਰੌਸਥੀਸਿਸ (ਨਕਲੀ ਛਾਤੀ)

11 **ਪ੍ਰੌਸਥੀਸਿਸ** ਕੀ ਹੈ?

12 ਮੈਂ ਇਹ ਕਿੱਥੋਂ ਲੈ ਸਕਦੀ ਹਾਂ? ਕੀ ਇਹ ਹੈਲਥ ਇਨਸ਼ੋਰੈਂਸ ਵਲੋਂ ਕਵਰ ਹੈ?

13 ਮੈਨੂੰ ਇਹ ਕਦੋਂ ਖਰੀਦਣੀ ਚਾਹੀਦੀ ਹੈ? ਮੈਨੂੰ ਇਹ ਕਿੰਨੀ ਕੁ ਵਾਰੀ ਬਦਲਣੀ ਪਵੇਗੀ?

14 ਆਪਣੀ **ਪ੍ਰੌਸਥੀਸਿਸ** (ਨਕਲੀ ਛਾਤੀ) ਨੂੰ ਟਿਕਾਣੇ ਰੱਖਣ ਲਈ ਕੀ ਮੈਨੂੰ ਕਿਸੇ ਖਾਸ ਬਰਾ ਦੀ ਲੋੜ ਹੈ?

15 ਮੈਂ ਖਾਸ **ਮੈਸਟੈਕਟੋਮੀ** ਬਰਾ ਅਤੇ ਤੈਰਾਕੀ ਲਈ ਖਾਸ ਕੱਪੜੇ ਕਿੱਥੋਂ ਲੱਭ ਸਕਦੀ ਹਾਂ?

## ਨੋਟ

ਤਰੀਕ

## ਜਜ਼ਬਾਤੀ ਤੌਰ 'ਤੇ ਠੀਕ ਹੋਣਾ

1 ਸਰਜਰੀ ਜਾਂ ਹੋਰ ਇਲਾਜਾਂ ਤੋਂ ਬਾਅਦ ਮੈਂ ਕਿਸ ਤਰ੍ਹਾਂ ਦੀਆਂ ਭਾਵਨਾਵਾਂ ਮਹਿਸੂਸ ਕਰ ਸਕਦੀ ਹਾਂ (ਜਿਵੇਂ ਕਿ ਗਮ, ਗੁੱਸਾ, ਕਮਜ਼ੋਰੀ, ਕੰਟਰੋਲ ਦਾ ਜਾਣਾ)?

2 ਜੇ ਲੋੜ ਹੋਵੇ ਤਾਂ ਆਪਣੀਆਂ ਭਾਵਨਾਵਾਂ ਨੂੰ ਸਹਿਣ ਲਈ ਮੈਨੂੰ ਮਦਦ ਕਿੱਥੋਂ ਮਿਲ ਸਕਦੀ ਹੈ?

3 ਮੇਰਾ ਪਰਿਵਾਰ ਅਤੇ ਸਹੇਲੀਆਂ ਕਿਵੇਂ ਮਹਿਸੂਸ ਕਰ ਸਕਦੀਆਂ ਹਨ? ਮੈਂ ਉਨ੍ਹਾਂ ਤੋਂ ਕਿਸ ਤਰ੍ਹਾਂ ਦੇ ਵਤੀਰੇ ਦੀ ਆਸ ਰੱਖ ਸਕਦੀ ਹਾਂ?

4 ਮੇਰੇ ਪਰਿਵਾਰ ਦੇ ਮੈਂਬਰਾਂ ਲਈ ਕਿਸ ਤਰ੍ਹਾਂ ਦੀ ਮਦਦ ਮੌਜੂਦ ਹੈ?

5 ਛਾਤੀ ਦੀ ਕੈਂਸਰ ਅਤੇ ਆਪਣੇ ਇਲਾਜ ਬਾਰੇ ਮੈਂ ਆਪਣੇ ਬੱਚਿਆਂ ਨਾਲ ਕਿਵੇਂ ਗੱਲ ਕਰਾਂ?

6 ਸਾਥੀ ਜਾਂ ਪਤੀ ਦਾ ਆਮ ਤੌਰ 'ਤੇ ਕੀ ਪ੍ਰਤੀਕਰਮ ਹੁੰਦਾ ਹੈ? ਇਕ ਦੂਜੇ ਦੀ ਮਦਦ ਲਈ ਅਸੀਂ ਕੀ ਕਰ ਸਕਦੇ ਹਾਂ?

7 ਆਪਣੇ ਸਰੀਰ ਵਿਚ ਆਈਆਂ ਤਬਦੀਲੀਆਂ ਬਾਰੇ ਮੈਂ ਆਪਣੇ ਸਾਥੀ ਨਾਲ ਗੱਲ ਕਿਵੇਂ ਕਰ ਸਕਦੀ ਹਾਂ?

8 ਮੈਂ ਆਪਣੀ ਕਾਮੁਕਤਾ ਨੂੰ ਫਿਰ ਤੋਂ ਕਿਵੇਂ ਜਗਾ ਸਕਦੀ ਹਾਂ?

9 ਇਲਾਜ ਨੇ ਮੈਨੂੰ ਘੱਟ ਮਨਭਾਉਂਦੀ ਅਤੇ ਨਾਮੁਕੰਮਲ ਮਹਿਸੂਸ ਕਰਵਾਇਆ ਹੈ? ਮੈਂ ਆਪਣੇ ਆਪ ਨੂੰ ਫਿਰ ਤੋਂ ਮੁਕੰਮਲ ਮਹਿਸੂਸ ਕਰਨਾ ਕਿਵੇਂ ਸ਼ੁਰੂ ਕਰਾਂ?

10 ਕੀ **ਸਹਾਇਕ ਇਲਾਜ (ਕੰਪਲੀਮੈਂਟਰੀ ਥੈਰੇਪੀਜ਼)** ਮੇਰੀ ਮਦਦ ਕਰਨਗੇ? ਇਹ ਮੈਨੂੰ ਕਿੱਥੋਂ ਮਿਲ ਸਕਦੇ ਹਨ?

## ਨੋਟ

ਤਰੀਕ

## ਜ਼ਿੰਦਗੀ ਵਿਚ ਅਗਾਂਹ ਤੁਰਦੇ ਜਾਣਾ

1 ਕੀ ਮੈਂ ਆਪਣੀ ਰਹਿਣੀ-ਬਹਿਣੀ ਵਿਚ ਕੋਈ ਤਬਦੀਲੀਆਂ ਕਰ ਸਕਦੀ ਹਾਂ ਜਿਹੜੀਆਂ **ਕੈਂਸਰ** ਵਾਪਸ ਆਉਣ ਦਾ ਮੇਰਾ ਖਤਰਾ ਘਟਾਉਣਗੀਆਂ?

2 ਮੇਰਾ ਤਾਕਤ ਦਾ ਆਮ ਪੱਧਰ ਕਦੋਂ ਵਾਪਸ ਆਵੇਗਾ?

3 ਕੀ ਛਾਤੀ ਦੀ **ਕੈਂਸਰ** ਤੋਂ ਬਾਅਦ ਗਰਭ-ਰੋਕੂ ਗੋਲੀਆਂ ਲੈਣਾ ਸੁਰੱਖਿਅਤ ਹੈ?

4 ਕੀ ਮੇਰੀ ਧੀ ਨੂੰ ਛਾਤੀ ਦੀ **ਕੈਂਸਰ** ਹੋਣ ਦਾ ਖਤਰਾ ਜ਼ਿਆਦਾ ਹੈ? ਛਾਤੀ ਦੀ ਸਿਹਤ ਬਾਰੇ ਮੈਨੂੰ ਆਪਣੀ ਧੀ ਨੂੰ ਕੀ ਦੱਸਣਾ ਚਾਹੀਦਾ ਹੈ?

5 ਮੇਰੀਆਂ ਭੈਣਾਂ ਅਤੇ ਭਾਣਜੀਆਂ/ਭਤੀਜੀਆਂ ਨੂੰ ਕਿੰਨਾ ਕੁ ਖਤਰਾ ਹੈ? ਕੀ ਉਨ੍ਹਾਂ ਨੂੰ ਇਹ ਬੀਮਾਰੀ ਹੋਣ ਦੀ ਸੰਭਾਵਨਾ ਜ਼ਿਆਦਾ ਹੈ?

6 ਆਪਣਾ ਕੈਂਸਰ ਦਾ ਖਤਰਾ ਘਟਾਉਣ ਅਤੇ ਇਹ ਯਕੀਨੀ ਬਣਾਉਣ ਲਈ ਉਹ ਕੀ ਕਰ ਸਕਦੀਆਂ ਹਨ ਕਿ **ਕੈਂਸਰ** ਦੀ ਪਛਾਣ ਅਗਾਊਂ ਹੋ ਜਾਵੇ?

## ਨੋਟ

ਤਰੀਕ

# ਛਾਤੀ ਦੀ ਕੈਂਸਰ ਤੋਂ ਬਾਅਦ ਛਾਤੀ-ਸਿਹਤ

1 ਬਾਅਦ ਵਿਚ ਚੈੱਕਅੱਪ ਲਈ ਮੇਰੀਆਂ ਅਪੌਇੰਟਮੈਂਟਾਂ ਦਾ ਸਮਾਂ ਕਿਵੇਂ ਹੋਵੇਗਾ?

2 ਜੇ ਮੈਨੂੰ ਪਹਿਲਾਂ ਹੀ ਛਾਤੀ ਦੀ ਕੈਂਸਰ ਹੋ ਚੁੱਕੀ ਹੈ ਤਾਂ ਕੀ ਮੈਨੂੰ **ਮੈਮੋਗ੍ਰਾਫੀ, ਕਲਿਨਿਕ ਵਿਚ ਛਾਤੀ ਦੀ ਚੈੱਕਅੱ**ਪ ਕਰਵਾਉਂਦੇ ਅਤੇ ਛਾਤੀ ਦੀ ਆਪ ਜਾਂਚ ਕਰਦੇ ਰਹਿਣਾ ਚਾਹੀਦਾ ਹੈ?

3 ਮੈਨੂੰ **ਮੈਮੋਗ੍ਰਾਮ** ਫਿਰ ਤੋਂ ਕਰਵਾਉਣੇ ਕਦੋਂ ਸ਼ੁਰੂ ਕਰਨੇ ਚਾਹੀਦੇ ਹਨ? ਕਿੰਨੀ ਕੁ ਵਾਰੀ?

4 ਜੇ ਮੈਂ ਨੇਮ ਨਾਲ **ਮੈਮੋਗ੍ਰਾਮ** ਕਰਵਾ ਰਹੀ ਹੋਵਾਂ ਤਾਂ ਫਿਰ ਵੀ ਮੈਨੂੰ ਨੇਮ ਨਾਲ ਕਲਿਨਿਕ ਵਿਚ ਛਾਤੀ ਦੀ ਜਾਂਚ ਕਰਵਾਉਣੀ ਚਾਹੀਦੀ ਹੈ?

5 ਜੇ ਮੇਰਾ ਫੈਮਿਲੀ ਡਾਕਟਰ ਕਲਿਨਿਕ ਵਿਚ ਛਾਤੀ ਦੀ ਜਾਂਚ ਨਾ ਕਰਦਾ/ਕਰਦੀ ਹੋਵੇ ਤਾਂ ਕੀ ਮੈਨੂੰ ਇਸ ਬਾਰੇ ਕਹਿਣਾ ਚਾਹੀਦਾ ਹੈ? ਮੈਨੂੰ ਕੀ ਕਹਿਣਾ ਚਾਹੀਦਾ ਹੈ?

6 ਇਲਾਜ ਨੇ ਆਪਣੀਆਂ ਛਾਤੀਆਂ ਨੂੰ ਮਹਿਸੂਸ ਕਰਨ ਦਾ ਮੇਰਾ ਤਰੀਕਾ ਬਦਲ ਦਿੱਤਾ ਹੈ? ਮੈਂ ਇਹ ਕਿਵੇਂ ਜਾਣਾ ਕਿ ਕਿਹੜੀ ਚੀਜ਼ ਆਮ ਹੈ?

7 ਕੀ ਮੈਨੂੰ ਆਪਣੇ ਦਾਗ ਦੀ ਚੈੱਕਅੱਪ ਕਰਵਾਉਣ ਦੀ ਲੋੜ ਹੈ?

# ਨੋਟ

ਤਰੀਕ

# ਸ਼ਬਦਾਂ ਦੀ ਲਿਸਟ

## ਏ

### ਅਲਟਰਨੇਟਿਵ ਥੈਰੇਪੀ

ਰਵਾਇਤੀ ਇਲਾਜ ਦੀ *ਬਜਾਏ* ਬਦਲਵੇਂ ਇਲਾਜ

ਬਦਲਵੇਂ ਇਲਾਜ ਕੈਂਸਰ ਲਈ ਰਵਾਇਤੀ ਇਲਾਜਾਂ ਦਾ ਹਿੱਸਾ ਨਹੀਂ ਹਨ ਕਿਉਂਕਿ ਉਨ੍ਹਾਂ ਦੇ ਸੁਰੱਖਿਅਤ ਅਤੇ ਅਸਰਦਾਰ ਹੋਣ ਦੀ ਵਿਗਿਆਨਕ ਤੌਰ 'ਤੇ ਪੁਸ਼ਟੀ ਨਹੀਂ ਹੋਈ।

ਬਦਲਵੇਂ ਇਲਾਜ ਦੀ ਇਕ ਉਦਾਹਰਣ, ਕੈਂਸਰ ਦਾ ਇਲਾਜ ਕਰਨ ਲਈ ਕੀਮੋਥੈਰੇਪੀ ਜਾਂ ਕਿਸੇ ਹੋਰ ਰਵਾਇਤੀ ਇਲਾਜ ਦੀ ਬਜਾਏ ਖਾਸ ਖੁਰਾਕ ਦੀ ਵਰਤੋਂ ਕਰਨਾ ਹੈ।

## ਬੀ

### ਬਾਇਓਲੌਜੀਕਲ ਥੈਰੇਪੀ

ਕੁਦਰਤੀ ਜਾਂ ਸਨਅਤੀ ਪਦਾਰਥਾਂ ਨਾਲ ਇਲਾਜ ਜਿਹੜਾ ਸਰੀਰ ਦੇ ਇਮਿਊਨ ਸਿਸਟਮ (ਬੀਮਾਰੀਆਂ ਦਾ ਮੁਕਾਬਲਾ ਕਰਨ ਵਾਲੇ ਸਿਸਟਮ) ਨੂੰ ਤੇਜ਼ ਅਤੇ ਮਜ਼ਬੂਤ ਕਰਦਾ ਹੈ।

ਇਸ ਨੂੰ ਬਾਇਓਥੈਰੇਪੀ ਜਾਂ ਬਾਇਓਲੌਜੀਕਲ ਰਿਸਪੌਂਸ ਮੌਡੀਫਾਇਰ ਥੈਰੇਪੀ ਵੀ ਕਿਹਾ ਜਾਂਦਾ ਹੈ।

### ਬਰੈੱਸਟ-ਕਨਜ਼ਰਵਿੰਗ ਸਰਜਰੀ

ਰਸੌਲੀ ਨੂੰ ਅਪਰੇਸ਼ਨ ਨਾਲ ਕੱਢਣ ਦੇ ਨਾਲ ਨਾਲ ਰਸੌਲੀ ਦੇ ਆਲੇ ਦੁਆਲੇ ਦੇ ਕੁਝ ਤੰਦਰੁਸਤ ਟਿਸ਼ੂਆਂ ਨੂੰ ਵੀ ਕੱਢਿਆ ਜਾਂਦਾ ਹੈ ਅਤੇ ਛਾਤੀ ਦੇ ਬਹੁਤੇ ਹਿੱਸੇ ਨੂੰ ਬਚਾਇਆ ਜਾਂਦਾ ਹੈ।

ਛਾਤੀ ਨੂੰ ਬਚਾਉਣ ਵਾਲੀ ਸਰਜਰੀ ਦੀਆਂ ਵੱਖ ਵੱਖ ਕਿਸਮਾਂ ਵਿਚ ਲੰਪੈਕਟੋਮੀ, ਵਾਈਡ ਲੋਕਲ ਐਕਸਿਜ਼ਨ, ਪਾਰਸ਼ਲ ਮੈਸਟੈਕਟੋਮੀ ਜਾਂ ਕੁਆਡਰੈਂਟੈਕਟੋਮੀ ਸ਼ਾਮਲ ਹਨ। ਇਹ ਸਰਜਰੀਆਂ ਮੁਢਲੇ ਤੌਰ 'ਤੇ ਇੱਕੋ ਜਿਹੀਆਂ ਹੀ ਹਨ – ਫਰਕ ਸਿਰਫ ਇੰਨਾ ਹੈ ਕਿ ਛਾਤੀ ਦਾ ਕਿੰਨਾ ਟਿਸ਼ੂ ਕੱਢਿਆ ਜਾਂਦਾ ਹੈ।

ਇਸ ਨੂੰ ਬਰੈੱਸਟ-ਸਪੇਅਰਿੰਗ ਸਰਜਰੀ ਵੀ ਕਿਹਾ ਜਾਂਦਾ ਹੈ।

### ਬਰੈੱਸਟ ਰੀਕਨਸਟਰੱਕਸ਼ਨ

ਛਾਤੀ ਨੂੰ ਦੁਬਾਰਾ ਬਣਾਉਣ ਲਈ ਪਲਾਸਟਿਕ ਸਰਜਰੀ।

### ਬਰੈੱਸਟ ਸੈੱਲਫ-ਐਗਜ਼ੈਮੀਨੇਸ਼ਨ (ਬੀ ਐੱਸ ਈ)

ਆਪਣੀ ਛਾਤੀ ਦੀ ਜਾਂਚ ਕਰਨ ਦਾ ਤਰੀਕਾ ਤਾਂ ਜੋ ਛਾਤੀਆਂ ਦੀ ਦਿੱਖ ਜਾਂ ਮਹਿਸੂਸ ਹੋਣ ਦੇ ਤਰੀਕੇ ਵਿਚ ਆਈਆਂ ਤਬਦੀਲੀਆਂ ਦਾ ਪਤਾ ਲਾਇਆ ਜਾ ਸਕੇ।

## ਸੀ

### ਕੈਂਸਰ
200 ਤੋਂ ਵੀ ਜ਼ਿਆਦਾ ਬੀਮਾਰੀਆਂ ਲਈ ਵਰਤਿਆ ਜਾਂਦਾ ਇਕ ਆਮ ਸ਼ਬਦ ਜਿਸ ਵਿਚ ਅਸਾਧਾਰਣ ਸੈੱਲ ਬੇਕੰਟਰੋਲੇ ਵਧਦੇ ਹਨ। ਕੈਂਸਰ ਵਾਲੇ ਸੈੱਲ ਤੰਦਰੁਸਤ ਟਿਸ਼ੂਆਂ 'ਤੇ ਹਮਲਾ ਕਰ ਸਕਦੇ ਹਨ ਅਤੇ ਇਨ੍ਹਾਂ ਨੂੰ ਤਬਾਹ ਕਰ ਸਕਦੇ ਹਨ। ਬਹੁਤੀਆਂ ਕੈਂਸਰਾਂ ਸਰੀਰ ਦੇ ਹੋਰ ਹਿੱਸਿਆਂ ਵਿਚ ਵੀ ਫੈਲ ਸਕਦੀਆਂ ਹਨ।

### ਕੀਮੋਥੈਰੇਪੀ
ਕੈਂਸਰ ਦਾ ਇਲਾਜ ਕਰਨ ਲਈ ਦਵਾਈਆਂ ਦੀ ਵਰਤੋਂ।

### ਕਲਿਨੀਕਲ ਬਰੈੱਸਟ ਐਗਜ਼ੈਮੀਨੇਸ਼ਨ (ਸੀ ਬੀ ਈ)
ਟਰੇਂਡ ਸਿਹਤ ਮਾਹਰ ਵਲੋਂ ਛਾਤੀਆਂ ਦੀ ਸਰੀਰਕ ਚੈੱਕਅੱਪ।

### ਕਲਿਨੀਕਲ ਟਰਾਇਲਜ਼
ਕੈਂਸਰ ਦਾ ਪਤਾ ਲਾਉਣ, ਕੈਂਸਰ ਦਾ ਖਤਰਾ ਘਟਾਉਣ ਅਤੇ ਕੈਂਸਰ ਨੂੰ ਕੰਟਰੋਲ ਵਿਚ ਰੱਖਣ ਲਈ ਨਵੇਂ ਇਲਾਜਾਂ ਜਾਂ ਪਹੁੰਚਾਂ ਬਾਰੇ ਖੋਜ ਕਰਨ ਵਾਲੇ ਅਧਿਐਨ ਜੋ ਕਿ ਮੌਜੂਦਾ ਤਰੀਕਿਆਂ ਨਾਲੋਂ ਜ਼ਿਆਦਾ ਫਾਇਦੇਮੰਦ ਸਾਬਤ ਹੋ ਸਕਦੇ ਹਨ।

### ਕੰਪਲੀਮੈਂਟਰੀ ਥੈਰੇਪੀ
ਹੋਰ ਰਵਾਇਤੀ ਇਲਾਜਾਂ ਨਾਲ ਰਲ ਕੇ ਵਰਤੇ ਜਾਣ ਵਾਲੇ ਇਲਾਜ।

ਕੰਪਲੀਮੈਂਟਰੀ ਥੈਰੇਪੀਜ਼ (ਸਹਾਇਕ ਇਲਾਜ) ਬੀਮਾਰੀ, ਇਸ ਦੇ ਇਲਾਜ ਜਾਂ ਸਾਈਡ ਇਫੈਕਟਾਂ ਨੂੰ ਝੱਲਣ ਵਿਚ ਮਦਦ ਕਰ ਸਕਦੇ ਹਨ ਨਾ ਕਿ ਬੀਮਾਰੀ ਦਾ ਇਲਾਜ ਕਰਨ ਵਿਚ।

ਕੰਪਲੀਮੈਂਟਰੀ ਥੈਰੇਪੀ ਦੀ ਇਕ ਉਦਾਹਰਣ ਕੀਮੋਥੈਰੇਪੀ ਦੇ ਸਾਈਡ ਇਫੈਕਟਾਂ ਨੂੰ ਘੱਟ ਕਰਨ ਲਈ ਜੜ੍ਹੀਆਂ-ਬੂਟੀਆਂ (ਹਰਬਲ) ਨਾਲ ਇਲਾਜ ਦੀ ਵਰਤੋਂ ਕਰਨਾ ਹੈ।

## ਈ

### ਇਸਟਰੋਜਿਨ ਰਿਸੈਪਟਰ (ਈ ਆਰ)
ਕੁਝ ਕੈਂਸਰ ਸੈੱਲਾਂ ਵਿਚਲੀ ਇਕ ਪ੍ਰੋਟੀਨ ਜੋ ਇਸਟਰੋਜਿਨ ਨਾਲ ਜੁੜ ਜਾਂਦੀ ਹੈ।

## ਐੱਫ

### ਫਰਟਿਲਟੀ
ਬੱਚੇ ਪੈਦਾ ਕਰਨ ਦੀ ਸਮਰੱਥਾ।

## ਜੀ

### ਗਰੇਡ

ਰਸੌਲੀ ਦਾ ਇਕ ਵੇਰਵਾ ਜਿਹੜਾ ਇਹ ਦੱਸਦਾ ਹੈ ਕਿ ਮਾਈਕਰੋਸਕੋਪ ਥੱਲੇ ਕੈਂਸਰ ਦੇ ਸੈੱਲ ਕਿਸ ਤਰ੍ਹਾਂ ਦਿਖਾਈ ਦਿੰਦੇ ਹਨ ਅਤੇ ਵਰਤਾਉ ਕਰਦੇ ਹਨ। ਇਹ ਦੱਸਦਾ ਹੈ ਕਿ ਕੈਂਸਰ ਵਾਲੇ ਸੈੱਲ ਸਾਧਾਰਣ ਸੈੱਲਾਂ ਨਾਲੋਂ ਕਿਵੇਂ ਵੱਖਰੇ ਦਿਖਾਈ ਦਿੰਦੇ ਹਨ, ਕੈਂਸਰ ਦੇ ਸੈੱਲ ਕਿੰਨੀ ਤੇਜ਼ੀ ਨਾਲ ਵਧ ਰਹੇ ਹਨ ਅਤੇ ਵੰਡ ਹੋ ਰਹੇ ਹਨ, ਅਤੇ ਉਨ੍ਹਾਂ ਦੇ ਫੈਲਣ ਦੀ ਕਿੰਨੀ ਕੁ ਸੰਭਾਵਨਾ ਹੈ।

## ਐੱਚ

### ਹਾਰਮੋਨਲ ਥੈਰੇਪੀ

ਉਹ ਇਲਾਜ ਜਿਹੜੇ ਹਾਰਮੋਨਾਂ ਵਿਚ ਵਾਧਾ ਕਰਦੇ ਹਨ, ਉਨ੍ਹਾਂ ਨੂੰ ਰੋਕਦੇ ਹਨ ਜਾਂ ਉਹਨਾਂ ਨੂੰ ਬਾਹਰ ਕੱਢਦੇ ਹਨ।

ਹਾਰਮੋਨਲ ਥੈਰੇਪੀ ਦੀ ਵਰਤੋਂ, ਕੈਂਸਰ ਵਾਲੇ ਉਨ੍ਹਾਂ ਸੈੱਲਾਂ ਦੇ ਵਾਧੇ ਨੂੰ ਹੌਲੀ ਕਰਨ ਜਾਂ ਰੋਕਣ ਲਈ ਕੀਤੀ ਜਾਂਦੀ ਹੈ ਜਿਹੜੇ ਵਧਣ ਲਈ ਹਾਰਮੋਨਾਂ ’ਤੇ ਨਿਰਭਰ ਕਰਦੇ ਹਨ। ਹਾਰਮੋਨ ਇਲਾਜਾਂ ਵਿਚ ਹਾਰਮੋਨ ਦੇ ਪੱਧਰਾਂ ਨੂੰ ਬਦਲਣ ਲਈ ਦਵਾਈਆਂ ਦੀ ਵਰਤੋਂ ਕਰਨਾ, ਸਰਜਰੀ ਜਾਂ ਰੇਡੀਏਸ਼ਨ ਥੈਰੇਪੀ ਕਰਨਾ ਸ਼ਾਮਲ ਹਨ।

## ਐੱਲ

### ਲੰਪੈਕਟੋਮੀ

ਛਾਤੀ ਵਿਚਲੀ ਗਿਲਟੀ ਜਾਂ ਰਸੌਲੀ ਨੂੰ ਸਰਜਰੀ ਨਾਲ ਕੱਢਣਾ ਅਤੇ ਇਸ ਦੇ ਨਾਲ ਹੀ ਰਸੌਲੀ ਦੇ ਦੁਆਲੇ ਦਾ ਬਹੁਤ ਥੋੜ੍ਹਾ ਜਿਹਾ (ਆਮ ਤੌਰ ’ਤੇ 1 ਸੈਂਟੀਮੀਟਰ) ਤੰਦਰੁਸਤ ਟਿਸ਼ੂ ਵੀ ਕੱਢਣਾ।

### ਲਿੰਫ ਨੋਡ

ਛੋਟਾ, ਫਲੀਆਂ ਦੇ ਦਾਣੇ ਦੀ ਸ਼ਕਲ ਦਾ ਗਲੈਂਡ ਜੋ ਕਿ ਲਿੰਫੋਸਾਈਟਸ ਨੂੰ ਸਾਂਭਦਾ ਹੈ ਅਤੇ ਗੰਦਗੀ ਲਈ ਲਿੰਫ ਤਰਲ ਨੂੰ ਸਾਫ ਕਰਦਾ ਹੈ।

ਲਿੰਫ ਨੋਡਜ਼ ਸਾਰੇ ਸਰੀਰ ਵਿਚ ਹੁੰਦੇ ਹਨ ਅਤੇ ਆਮ ਤੌਰ ’ਤੇ ਸੱਭ ਤੋਂ ਜ਼ਿਆਦਾ ਲਿੰਫ ਨੋਡਜ਼ ਕੱਛਾਂ, ਚੱਡਿਆਂ ਅਤੇ ਧੌਣ ਵਿਚ ਹੁੰਦੇ ਹਨ।

ਇਨ੍ਹਾਂ ਨੂੰ ਲਿੰਫ ਗਲੈਂਡ ਵੀ ਆਖਿਆ ਜਾਂਦਾ ਹੈ।

### ਲਿੰਫੇਡੀਮਾ

ਲਿੰਫ ਨਾਂ ਦੇ ਸਰੀਰਕ ਤਰਲ ਦੇ ਅਸਾਧਾਰਣ ਮਾਤਰਾ ਵਿਚ ਜਮ੍ਹਾਂ ਹੋ ਜਾਣ ਨਾਲ ਪਈ ਸੋਜ।

ਲਿੰਫੇਡੀਮਾ ਉਦੋਂ ਹੁੰਦੀ ਹੈ ਜਦੋਂ ਨੇੜਲੀਆਂ ਲਿੰਫੈਟਿਕ ਨਾੜੀਆਂ ਜਾਂ ਨੋਡਜ਼ ਬੰਦ ਹੋ ਜਾਂਦੀਆਂ ਹਨ ਜਾਂ ਜਦੋਂ ਉਹ ਸਰਜਰੀ ਨਾਲ ਕੱਢ ਦਿੱਤੀਆਂ ਜਾਂਦੀਆਂ ਹਨ ਜਾਂ ਰੇਡੀਏਸ਼ਨ ਨਾਲ ਇਨ੍ਹਾਂ ਦਾ ਇਲਾਜ ਕੀਤਾ ਜਾਂਦਾ ਹੈ।

## ਐੱਮ

### ਮੈਮੋਗ੍ਰਾਮ
ਛਾਤੀ ਦਾ ਐਕਸਰੇ।

ਮੈਮੋਗ੍ਰਾਮਜ਼ ਦੀ ਵਰਤੋਂ ਛਾਤੀਆਂ ਵਿਚ ਰਸੌਲੀਆਂ ਜਾਂ ਗੰਢਾਂ ਦਾ ਪਤਾ ਲਾਉਣ ਲਈ ਕੀਤੀ ਜਾਂਦੀ ਹੈ।

### ਮੈਮੋਗ੍ਰਾਫੀ
ਰੋਗ ਦੀ ਪਛਾਣ ਕਰਨ ਦਾ ਇਕ ਤਰੀਕਾ ਜਿਸ ਵਿਚ ਛਾਤੀ ਅੰਦਰਲੇ ਨਰਮ ਟਿਸ਼ੂ ਦੀ ਸਪਸ਼ਟ ਤਸਵੀਰ ਲੈਣ ਲਈ ਐਕਸਰੇ ਦੀ ਛੋਟੀ ਮਾਤਰਾ ਵਰਤੀ ਜਾਂਦੀ ਹੈ।

### ਮੈਸਟੈਕਟੋਮੀ
ਛਾਤੀ ਨੂੰ ਅਪਰੇਸ਼ਨ ਨਾਲ ਕੱਢਣਾ।

ਮੈਸਟੈਕਟੋਮੀ ਦੀਆਂ ਵੱਖ ਵੱਖ ਕਿਸਮਾਂ ਵਿਚ ਮੁਕੰਮਲ ਮੈਸਟੈਕਟੋਮੀ, ਮੋਡੀਫਾਇਡ ਰੈਡੀਕਲ ਮੈਸਟੈਕਟੋਮੀ ਅਤੇ ਰੈਡੀਕਲ ਮੈਸਟੈਕਟੋਮੀ ਸ਼ਾਮਲ ਹਨ।

## ਪੀ

### ਪ੍ਰੋਫਾਇਲੈਕਟਿਕ ਮੈਸਟੈਕਟੋਮੀ
ਉਸ ਔਰਤ ਦੀ ਇਕ ਜਾਂ ਦੋਨੋਂ ਛਾਤੀਆਂ ਨੂੰ ਸਰਜਰੀ ਨਾਲ ਕੱਢਣਾ ਜਿਸ ਨੂੰ ਕੈਂਸਰ ਹੋਣ ਦਾ ਖਤਰਾ ਜ਼ਿਆਦਾ ਹੈ ਪਰ ਅਜੇ ਬੀਮਾਰੀ ਦਾ ਸਬੂਤ ਨਹੀਂ ਮਿਲਿਆ।

### ਫਿਜ਼ੀਓਥੈਰੇਪੀ
ਦਰਦ, ਬੀਮਾਰੀ ਜਾਂ ਸੱਟ ਦਾ ਇਲਾਜ ਕਰਨ ਲਈ ਖਾਸ ਕਸਰਤਾਂ ਜਾਂ ਸਰੀਰਕ ਸਰਗਰਮੀਆਂ ਦੀ ਵਰਤੋਂ।

ਇਸ ਨੂੰ ਫਿਜ਼ੀਕਲ ਥੈਰੇਪੀ ਵੀ ਕਿਹਾ ਜਾਂਦਾ ਹੈ।

### ਪ੍ਰੋਸਥੀਸਿਸ
ਸਰੀਰ ਦੇ ਲੁਪਤ ਅੰਗ ਦੀ ਬਣਾਉਟੀ ਤੌਰ ’ਤੇ ਬਦਲੀ।

## ਆਰ

### ਰੇਡੀਏਸ਼ਨ ਥੈਰੇਪੀ
ਕੈਂਸਰ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਖਤਮ ਕਰਨ ਲਈ ਜ਼ਿਆਦਾ ਸ਼ਕਤੀ ਵਾਲੀਆਂ ਕਿਰਨਾਂ ਜਾਂ ਕਣਾਂ ਦੀ ਵਰਤੋਂ। ਇਸ ਵਿਚ ਐਕਸਰਿਆਂ, ਗਾਮਾ ਰੇਅਜ਼, ਇਲੈਕਟ੍ਰੋਨਜ਼ ਅਤੇ ਹੋਰ ਸ੍ਰੋਤਾਂ ਦੀ ਸ਼ਕਤੀ (ਐਨਰਜੀ) ਸ਼ਾਮਲ ਹੈ।

ਰੇਡੀਏਸ਼ਨ ਥੈਰੇਪੀ ਅੰਦਰੋਂ (ਬਰੇਚੀਥੈਰੇਪੀ ਜਾਂ ਸਿਸਟੈਮਿਕ ਥੈਰੇਪੀ) ਜਾਂ ਬਾਹਰੋਂ (ਐਕਸਟਰਨਲ ਬੀਮ ਰੇਡੀਏਸ਼ਨ ਥੈਰੇਪੀ) ਕੀਤੀ ਜਾ ਸਕਦੀ ਹੈ।

ਇਸ ਨੂੰ ਰੇਡਿਓਥੈਰੇਪੀ, ਐਕਸਰੇ ਥੈਰੇਪੀ, ਇਰੈਡੀਏਸ਼ਨ ਵੀ ਕਿਹਾ ਜਾਂਦਾ ਹੈ।

## ਐੱਸ

### ਸੈਂਟੀਨਲ ਲਿੰਫ ਨੋਡ ਬਾਇਓਪਸੀ

ਸੈਂਟੀਨਲ ਲਿੰਫ ਨੋਡ ਨੂੰ ਕੱਢਣਾ ਅਤੇ ਇਸ ਨੂੰ ਚੈੱਕ ਕਰਨਾ, ਜੋ ਕਿ ਪਹਿਲੀ ਲਿੰਫ ਨੋਡ ਹੈ ਜਿਸ ਵਿਚ ਕੈਂਸਰ ਵਾਲੇ ਸੈੱਲਾਂ ਦੇ ਫੈਲਣ ਦੀ ਸੰਭਾਵਨਾ ਹੁੰਦੀ ਹੈ।

ਕਦੇ ਕਦੇ, ਇਕ ਨਾਲੋਂ ਜ਼ਿਆਦਾ ਸੈਂਟੀਨਲ ਲਿੰਫ ਨੋਡ ਹੁੰਦੀਆਂ ਹਨ, ਜਿਸ ਕੇਸ ਵਿਚ ਹਰ ਇਕ ਸੈਂਟੀਨਲ ਲਿੰਫ ਨੋਡ ਨੂੰ ਕੱਢਿਆ ਜਾਵੇਗਾ ਅਤੇ ਕੈਂਸਰ ਦੇ ਸੈੱਲਾਂ ਲਈ ਚੈੱਕ ਕੀਤਾ ਜਾਵੇਗਾ।

ਇਸ ਨੂੰ ਸੈਂਟੀਨਲ ਲਿੰਫ ਨੋਡ ਡਿਸੈੱਕਸ਼ਨ ਵੀ ਕਿਹਾ ਜਾਂਦਾ ਹੈ।

### ਸਾਈਡ ਇਫੈਕਟ

ਡਾਕਟਰੀ ਇਲਾਜ ਨਾਲ ਪੈਦਾ ਹੋਏ ਅਣਚਾਹੇ ਜਾਂ ਨਾਗਵਾਰ ਲੱਛਣ।

### ਸਟੇਜ

ਸਰੀਰ ਵਿਚ ਕੈਂਸਰ ਦੇ ਫੈਲਣ ਦਾ ਵਰਣਨ।

ਸਟੇਜਿੰਗ ਰਸੌਲੀ ਦੇ ਆਕਾਰ, ਲੋਕਲ ਟਿਸ਼ੂਆਂ ਵਿਚ ਫੈਲਣ ਦੀ ਮਾਤਰਾ, ਲਿੰਫ ਨੋਡਜ਼ ਦੀ ਸ਼ਮੂਲੀਅਤ, ਅਤੇ ਇਸ ਗੱਲ ’ਤੇ ਨਿਰਭਰ ਹੁੰਦੀ ਹੈ ਕਿ ਕੀ ਬੀਮਾਰੀ ਸਰੀਰ ਦੇ ਹੋਰ ਹਿੱਸਿਆਂ ਵਿਚ ਫੈਲ ਗਈ ਹੈ ਜਾਂ ਨਹੀਂ। ਕੈਂਸਰ ਦੀ ਹਰ ਕਿਸਮ ਦੀ ਸਟੇਜ ਉਸ ਕੈਂਸਰ ਦੀ ਆਪਣੀ ਕਸਵੱਟੀ ਮੁਤਾਬਕ ਦੱਸੀ ਜਾਂਦੀ ਹੈ।

## ਟੀ

### ਟਿਊਮਰ

ਸੈੱਲਾਂ ਦਾ ਅਸਾਧਾਰਣ ਵਾਧਾ। ਟਿਊਮਰ ਕੈਂਸਰ-ਰਹਿਤ (*ਬਿਨਾਇਨ*) ਜਾਂ ਕੈਂਸਰ ਵਾਲੇ (*ਮਾਲਿਗਨੈਂਟ*) ਹੋ ਸਕਦੇ ਹਨ।

ਇਸ ਨੂੰ ਨਿਊਪਲਾਜ਼ਮ, ਮਾਸ ਜਾਂ ਗਰੋਥ ਵੀ ਕਿਹਾ ਜਾਂਦਾ ਹੈ।

# ਛਾਤੀ ਦੀ ਕੈਂਸਰ ਬਾਰੇ ਵਸੀਲੇ

## ਕੈਨੇਡੀਅਨ ਕੈਂਸਰ ਸੁਸਾਇਟੀ

### *ਕੈਂਸਰ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨਾ*

ਸਾਡੀ *ਕੈਂਸਰ ਇਨਫਰਮੇਸ਼ਨ ਸਰਵਿਸ* ਵਿਚਲੇ ਜਾਣਕਾਰੀ ਦੇਣ ਵਿਚ ਟਰੇਂਡ ਸਪੈਸ਼ਲਿਸਟ ਟੈਲੀਫੋਨ 'ਤੇ ਤੁਹਾਡੇ ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਇਨ੍ਹਾਂ ਵਿਸ਼ਿਆਂ ਬਾਰੇ ਤੁਹਾਨੂੰ ਚਾਹੀਦੀ ਜਾਣਕਾਰੀ ਲੱਭਦੇ ਹਨ:

- ਦਰਦ ਨੂੰ ਕਾਬੂ ਵਿਚ ਰੱਖਣਾ
- ਨਕਲੀ ਛਾਤੀ ਅਤੇ ਛਾਤੀ ਨੂੰ ਦੁਬਾਰਾ ਬਣਾਉਣਾ
- ਸਵੈ-ਦਿੱਖ
- ਕਾਮੁਕਤਾ
- ਜਜ਼ਬਾਤੀ ਮਦਦ
- ਵਿੱਗ ਅਤੇ ਸਿਰ 'ਤੇ ਲੈਣ ਵਾਲੀਆਂ ਚੀਜ਼ਾਂ
- ਕੈਂਸਰ ਨਾਲ ਸੰਬੰਧਿਤ ਬਹੁਤ ਸਾਰੇ ਹੋਰ ਮਸਲੇ

ਤੁਹਾਨੂੰ ਕੈਨੇਡੀਅਨ ਕੈਂਸਰ ਸੁਸਾਇਟੀ ਦੀਆਂ ਇਹ ਲਿਖਤਾਂ ਵੀ ਫਾਇਦੇਮੰਦ ਲੱਗ ਸਕਦੀਆਂ ਹਨ:

*ਛਾਤੀ ਦੀ ਕੈਂਸਰ ਦੇ ਇਲਾਜ ਨੂੰ ਸਮਝਣਾ: ਔਰਤਾਂ ਲਈ ਇਕ ਗਾਈਡ* ਛਾਤੀ ਦੀ ਕੈਂਸਰ ਦੇ ਇਲਾਜ (ਖਾਸ ਤੌਰ 'ਤੇ ਸਰਜਰੀ ਦੀਆਂ ਵੱਖ ਵੱਖ ਕਿਸਮਾਂ), ਸੰਭਵ ਸਾਈਡ ਇਫੈਕਟਾਂ ਅਤੇ ਇਨ੍ਹਾਂ ਨੂੰ ਕਾਬੂ ਵਿਚ ਰੱਖਣ ਲਈ ਸੁਝਾਵਾਂ ਬਾਰੇ ਜਾਣਕਾਰੀ ਦਿੰਦੀ ਹੈ।

*ਰੇਡੀਏਸ਼ਨ ਥੈਰੇਪੀ: ਕੈਂਸਰ ਵਾਲੇ ਲੋਕਾਂ ਲਈ ਇਕ ਗਾਈਡ* ਰੇਡੀਏਸ਼ਨ ਥੈਰੇਪੀ, ਇਸ ਦੇ ਸੰਭਵ ਸਾਈਡ ਇਫੈਕਟਾਂ ਅਤੇ ਇਨ੍ਹਾਂ ਨੂੰ ਕਾਬੂ ਵਿਚ ਰੱਖਣ ਬਾਰੇ ਜਾਣਕਾਰੀ ਦਿੰਦੀ ਹੈ।

*ਕੀਮੋਥੈਰੇਪੀ: ਕੈਂਸਰ ਵਾਲੇ ਲੋਕਾਂ ਲਈ ਇਕ ਗਾਈਡ* ਕੀਮੋਥੈਰੇਪੀ, ਇਸ ਦੇ ਸੰਭਵ ਸਾਈਡ ਇਫੈਕਟਾਂ ਅਤੇ ਇਨ੍ਹਾਂ ਨੂੰ ਕਾਬੂ ਵਿਚ ਰੱਖਣ ਬਾਰੇ ਜਾਣਕਾਰੀ ਦਿੰਦੀ ਹੈ।

*ਚੰਗੀ ਖੁਰਾਕ: ਕੈਂਸਰ ਵਾਲੇ ਲੋਕਾਂ ਲਈ ਗਾਈਡ* ਇਲਾਜ ਦੌਰਾਨ ਚੰਗੀ ਖੁਰਾਕ ਦੇ ਸਬੰਧ ਵਿਚ ਮਦਦ ਕਰ ਸਕਦੀ ਹੈ।

*ਕੈਂਸਰ ਨਾਲ ਰਹਿਣਾ: ਕੈਂਸਰ ਦੇ ਮਰੀਜ਼ਾਂ ਅਤੇ ਉਨ੍ਹਾਂ ਦੀ ਸੰਭਾਲ ਕਰਨ ਵਾਲਿਆਂ ਲਈ ਗਾਈਡ* ਕੈਂਸਰ ਦੇ ਆਪਣੇ ਤਜਰਬੇ ਦੌਰਾਨ ਅਮਲੀ ਅਤੇ ਜਜ਼ਬਾਤੀ ਮਸਲਿਆਂ ਨਾਲ ਸਿੱਝਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ।

ਇਹ ਲਿਖਤਾਂ ਕਿਤਾਬੀ ਰੂਪ ਵਿਚ ਅਤੇ ਸਾਡੇ ਵੈੱਬਸਾਈਟ www.cancer.ca 'ਤੇ ਮੌਜੂਦ ਹਨ।

## ਉਸ ਵਿਅਕਤੀ ਨਾਲ ਗੱਲ ਕਰਨੀ ਜੋ ਇਸ ਹਾਲਤ ਵਿਚ ਦੀ ਲੰਘਿਆ ਹੋਵੇ

ਜੇ ਤੁਹਾਨੂੰ ਕੈਂਸਰ ਹੈ ਅਤੇ ਤੁਸੀਂ ਕਿਸੇ ਉਸ ਵਿਅਕਤੀ ਨਾਲ ਗੱਲ ਕਰਨਾ ਚਾਹੁੰਦੇ ਹੋ ਜਿਸਨੂੰ ਇਸਦਾ ਪਹਿਲਾਂ ਤਜਰਬਾ ਹੈ, ਤਾਂ ਅਸੀਂ ਇਕ ਟਰੇਂਡ ਵਲੰਟੀਅਰ ਨਾਲ ਤੁਹਾਡਾ ਸੰਪਰਕ ਕਰਵਾ ਸਕਦੇ ਹਾਂ। ਤੁਸੀਂ ਇਹ ਸੰਪਰਕ ਆਹਮੋ ਸਾਹਮਣੇ, ਟੈਲੀਫੋਨ ਉੱਤੇ ਜਾਂ ਕਿਸੇ ਗਰੁੱਪ ਵਿਚ ਸ਼ਾਮਲ ਹੋ ਕੇ ਕਰ ਸਕਦੇ ਹੋ।

### ਕੈਨੇਡੀਅਨ ਕੈਂਸਰ ਸੁਸਾਇਟੀ ਨਾਲ ਸੰਪਰਕ ਕਰਨ ਲਈ:

- **ਸਾਨੂੰ 1 888 939-3333 ’ਤੇ ਮੁਫਤ (ਟੌਲ ਫਰੀ) ਫੋਨ ਕਰੋ (ਸੋਮਵਾਰ ਤੋਂ ਸ਼ੁਕਰਵਾਰ ਸਵੇਰ ਦੇ 9 ਵਜੇ ਤੋਂ ਸ਼ਾਮ ਦੇ 6 ਵਜੇ ਤੱਕ)।**
- **ਸਾਨੂੰ info@cis.cancer.ca ’ਤੇ ਈ-ਮੇਲ ਕਰੋ।**
- **www.cancer.ca ’ਤੇ ਸਾਡਾ ਵੈੱਬਸਾਈਟ ਦੇਖੋ।**
- **ਕੈਨੇਡੀਅਨ ਕੈਂਸਰ ਸੁਸਾਇਟੀ ਦੇ ਆਪਣੇ ਸਥਾਨਕ ਦਫਤਰ ਨਾਲ ਸੰਪਰਕ ਕਰੋ।**

**ਸਾਡੀਆਂ ਸੇਵਾਵਾਂ ਮੁਫਤ ਅਤੇ ਗੁਪਤ ਹਨ।**

## ਸੁਝਾਏ ਵੈੱਬਸਾਈਟ

**ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਜਰਨਲ (ਸੀ ਐੱਮ ਏ ਜੇ)**
**(Canadian Medical Association Journal (CMAJ))**
**www.cmaj.ca**

ਇਹ ਦੇਖੋ: Breast cancer

**ਬੀ ਸੀ ਕੈਂਸਰ ਏਜੰਸੀ (BC Cancer Agency)**
**www.bccancer.bc.ca/PPI/TypesofCancer/Breast/Etiology.htm**

**ਨੈਸ਼ਨਲ ਕੈਂਸਰ ਇੰਸਟੀਚਿਊਟ (National Cancer Institute)**
**www.cancer.gov/cancertopics/wyntk/breast/**

**ਅਮੈਰੇਕਨ ਕੈਂਸਰ ਸੁਸਾਇਟੀ (American Cancer Society)**
**www.cancer.org**

ਇਹ ਦੇਖੋ: Learn about breast cancer
All about breast cancer
Breast cancer in men

**ਕੈਂਸਰਬੈਕਅੱਪ (CancerBACUP)**
**www.cancerbacup.org.uk/Cancertype/Breast/Treatment/Types**

## ਕੈਨੇਡੀਅਨ ਕੈਂਸਰ ਸੁਸਾਇਟੀ ਡਿਵੀਜ਼ਨ ਆਫਿਸ

### ਬ੍ਰਿਟਿਸ਼ ਕੋਲੰਬੀਆ ਅਤੇ ਯੂਕੋਨ
565 West 10th Avenue
Vancouver, BC V5Z 4J4
(604) 872-4400
1 800 663-2524
inquiries@bc.cancer.ca

### ਅਲਬਰਟਾ/ਨੌਰਥ ਵੈਸਟ ਟੈਰਾਟਰੀ
2424 4th Street SW, Suite 200
Calgary, AB T2S 2T4
(403) 228-4487
info@cancer.ab.ca

### ਸਸਕੈਚਵਨ
1910 McIntyre Street
Regina, SK S4P 2R3
(306) 790-5822
ccssk@sk.cancer.ca

### ਮੈਨੀਟੋਬਾ
193 Sherbrook Street
Winnipeg, MB R3C 2B7
(204) 774-7483
info@mb.cancer.ca

### ਓਨਟੇਰੀਓ
1639 Yonge Street
Toronto, ON M4T 2W6
(416) 488-5400

### ਕਿਊਬਿਕ
5151, boul l'Assomption
Montreal, QC H1T 4A9
(514) 255-5151
webmestre@quebec.cancer.ca

### ਨਿਊ ਬਰੱਨਜ਼ਵਿਕ
PO Box 2089
133 Prince William Street
Saint John, NB E2L 3T5
(506) 634-6272
ccsnb@nb.cancer.ca

### ਨੋਵਾ ਸਕੋਸ਼ੀਆ
5826 South Street, Suite 1
Halifax, NS B3H 1S6
(902) 423-6183
ccs.ns@ns.cancer.ca

### ਪ੍ਰਿੰਸ ਐਡਵਰਡ ਆਈਲੈਂਡ
1 Rochford Street, Suite 1
Charlottetown, PE C1A 9L2
(902) 566-4007
info@pei.cancer.ca

### ਨਿਊਫਾਊਂਡਲੈਂਡ ਅਤੇ ਲੈਬਰਾਡੋਰ
Viking Bldg, 2nd Floor
136 Crosbie Road
St. John's, NL A1B 3K3
(709) 753-6520
ccs@nl.cancer.ca

## ਅਸੀਂ ਕੀ ਕਰਦੇ ਹਾਂ

ਸਾਡੇ ਵਾਲੰਟੀਅਰਾਂ ਅਤੇ ਸਟਾਫ ਵਲੋਂ ਕੀਤੇ ਜਾਂਦੇ ਕੰਮ ਅਤੇ ਸਾਡੇ ਦਾਨੀਆਂ ਦੀ ਖੁੱਲਦਿਲੀ ਦੀ ਮਿਹਰਬਾਨੀ ਨਾਲ, ਕੈਨੇਡੀਅਨ ਕੈਂਸਰ ਸੁਸਾਇਟੀ ਕੈਂਸਰ ਖਿਲਾਫ ਲੜਾਈ ਵਿਚ ਅਗਵਾਈ ਕਰ ਰਹੀ ਹੈ। ਕੈਨੇਡੀਅਨ ਕੈਂਸਰ ਸੁਸਾਇਟੀ:

- ਸਾਰੀਆਂ ਕਿਸਮਾਂ ਦੀ ਕੈਂਸਰ 'ਤੇ ਖੋਜ ਲਈ ਫੰਡ ਦਿੰਦੀ ਹੈ
- ਸਿਹਤਮੰਦ ਜਨਤਕ ਨੀਤੀ ਦੀ ਹਿਮਾਇਤ ਕਰਦੀ ਹੈ
- ਕੈਂਸਰ ਦਾ ਖਤਰਾ ਘਟਾਉਣ ਵਿਚ ਮਦਦ ਕਰਨ ਲਈ ਸਿਹਤਮੰਦ ਰਹਿਣੀ-ਬਹਿਣੀ ਨੂੰ ਉਤਸ਼ਾਹ ਦਿੰਦੀ ਹੈ
- ਕੈਂਸਰ ਬਾਰੇ ਜਾਣਕਾਰੀ ਦਿੰਦੀ ਹੈ
- ਕੈਂਸਰ ਵਾਲੇ ਲੋਕਾਂ ਦੀ ਮਦਦ ਕਰਦੀ ਹੈ

ਕੈਂਸਰ ਅਤੇ ਸਾਡੀਆਂ ਸੇਵਾਵਾਂ ਬਾਰੇ ਤਾਜ਼ੀ ਜਾਣਕਾਰੀ ਲੈਣ ਲਈ ਜਾਂ ਦਾਨ ਕਰਨ ਲਈ ਸਾਡੇ ਨਾਲ ਸੰਪਰਕ ਕਰੋ।

Canadian Cancer Society
Société canadienne du cancer

**ਆਉ ਕੈਂਸਰ ਨੂੰ ਬੀਤੇ ਸਮੇਂ ਦੀ ਚੀਜ਼ ਬਣਾਈਏ**

**1 888 939-3333 | www.cancer.ca**

ਕੈਨੇਡੀਅਨ ਕੈਂਸਰ ਸੁਸਾਇਟੀ ਵਲੋਂ ਤਿਆਰ ਕੀਤੀ ਗਈ ਇਹ ਕੇਵਲ ਆਮ ਜਾਣਕਾਰੀ ਹੈ।
ਇਸ ਦਾ ਮੰਤਵ ਕਿਸੇ ਮਾਨਤਾ ਪ੍ਰਾਪਤ ਸਿਹਤ ਮਾਹਰ ਦੀ ਸਲਾਹ ਦੀ ਥਾਂ ਲੈਣਾ ਨਹੀਂ ਹੈ।

ਇਸ ਲਿਖਤ ਵਿਚਲੀ ਸਾਮੱਗਰੀ ਦੀ ਬਿਨਾਂ ਆਗਿਆ ਤੋਂ ਕਾਪੀ ਕੀਤੀ ਜਾ ਸਕਦੀ ਹੈ ਜਾਂ ਇਹ ਮੁੜ ਕੇ ਤਿਆਰ ਕੀਤੀ ਜਾ ਸਕਦੀ ਹੈ; ਪਰ ਅੱਗੇ ਦਿੱਤਾ ਹਵਾਲਾ ਦਿੱਤਾ ਜਾਣਾ ਜ਼ਰੂਰੀ ਹੈ: ***ਛਾਤੀ ਦੀ ਕੈਂਸਰ ਬਾਰੇ ਪੁੱਛੇ ਜਾਣ ਵਾਲੇ ਸਵਾਲ: ਕੈਨੇਡਾ ਦੀਆਂ ਔਰਤਾਂ ਲਈ ਇਕ ਵਰਕਬੁੱਕ*** ਕਨੇਡੀਅਨ ਕੈਂਸਰ ਸੁਸਾਇਟੀ 2005

© Canadian Cancer Society 2006 | Translated June 2006 | 301-851P